# ਰੋਲਸ-ਰੱਇਸ ਮੋਟਰ ਕਾਰਜ਼

# ਮੀਡੀਆ ਜਾਣਕਾਰੀ

## ਰੋਲਸ-ਰੱਇਸ ਡਾਨ- ਸਮਝੌਤਾ ਨਾ ਕਰਨ ਵਾਲੀ ਡਰੱਪਹੈਡ ਲਗਜ਼ੁਰੀ

8 ਸਤੰਬਰ 2015, ਗੁਡਵੁੱਡ

*"ਸਾਡੀ ਨਵੀਂ ਰੋਲਸ-ਰੱਇਸ ਡਾਨ ਤੁਹਾਡੇ ਲਈ ਸ਼ਾਨਦਾਰ ਅਤੇ ਮੋਹਿਤ ਕਰਨ ਵਾਲੀਆਂ ਨਵੀਆਂ ਖੂਬੀਆਂ ਲੈ ਕੇ ਆਈ ਹੈ ਜੋ ਅਜੇ ਤੱਕ ਕੋਈ ਰੋਲਸ-ਰੱਇਸ ਨਹੀਂ ਲੈ ਕੇ ਆਈ ਸੀ, ਅਤੇ ਇਸ ਨੇ ਓਪਨ-ਟੱਪ ਅਤੇ ਸੁਪਰ-ਲਗਜ਼ੁਰੀ ਮੋਟਰਿੰਗ ਦੇ ਨਵੇਂ ਯੁਗ ਦਾ ਆਰੰਭ ਕੀਤਾ ਹੈ। ਡਾਨ ਇੱਕ ਨਵੀਂ ਸੁੰਦਰ ਕਾਰ ਹੈ ਜੋ ਸੰਸਾਰ ਭਰ ਵਿੱਚ ਸਭ ਤੋਂ ਅਨੋਖਾ ਓਪਨ-ਟਾਪ ਅਨੁਭਵ ਪੇਸ਼ ਕਰਦੀ ਹੈ। ਇਹ ਕਾਰ ਉਨ੍ਹਾਂ ਲੋਕਾਂ ਲਈ ਸੁਪਰ-ਲਗਜ਼ੁਰੀ ਡਰੱਪਹੈਡ ਮੋਟਰ ਕਾਰਾਂ ਵਿਚੋਂ ਸਭ ਤੋਂ ਜ਼ਿਆਦਾ ਸਮਾਜਿਕ ਹੋਵੇਗੀ ਜੋ ਲੋਕ ਹਰ ਵਕਤ ਨਵੇਂ ਸਮਾਜ ਦੇ ਨਾਲ ਨਾਲ ਚਲਣਾ ਚਾਹੁੰਦੇ ਹਨ।*

*ਆਸਾਨ ਭਾਸ਼ਾ ਵਿੱਚ ਇਹ ਰੋਲਸ-ਰੱਇਸ ਅੱਜ ਤੱਕ ਦੀ ਸਭ ਤੋਂ ਸ਼ਾਨਦਾਰ ਕਾਰ ਹੈ।*

*'ਡਾਨ' ਨਾਮ ਪੂਰੀ ਤਰ੍ਹਾਂ ਨਾਲ ਹਰ ਨਵੇਂ ਦਿਨ ਦੇ ਤਾਜ਼ਾ ਮੌਕਿਆਂ ਨੂੰ ਦਰਸਾਉਂਦਾ ਹੈ- ਜਿਵੇ ਇੱਕ ਜਾਗਰੁਕਤਾ, ਕਿਸੇ ਨੂੰ ਗਿਆਨ ਦੀ ਪ੍ਰਾਪਤੀ ਹੋਣੀ ਅਤੇ ਸੂਰਜ ਦੀ ਨਵੀਂ ਕਿਰਨ। ਆਪਣੀ ਅਸਥਾਈ, ਨਵੀਂ, ਅੱਲਗ ਸਥਿਤੀ ਵਿੱਚ ਡਾਨ ਹਨੇਰੇ ਵਿੱਚੋਂ ਉਭਰ ਕੇ ਚਾਨਣ ਵਿੱਚ ਆ ਰਹੀ ਇੱਕ ਨਵੀਂ ਦੁਨੀਆਂ ਹੈ। ਦਿਨ ਦੇ ਸ਼ੁਰੂ ਹੋਣ ਨਾਲ ਡਾਨ ਦਾ ਸ਼ੁਰੁਆਤੀ ਠੰਡਾਪਨ ਚਮੜੀ ਨੂੰ ਇੱਕ ਉੱਤੇਜਿਤ ਰੋਮਾਂਚ, ਹੋਸ਼ ਅਤੇ ਜਨੂੰਨ ਨੂੰ ਜਾਗਰੁਕਤਾ ਪ੍ਰਦਾਨ ਕਰਦਾ ਹੈ।*

*ਜਿਵੇਂ ਕਈ ਲੋਕ ਇਲੀਅਨਰ ਥੌਰੰਟਨ ਨੂੰ ਸਪਿਰਿਟ ਆੱਫ ਐਕਸਟੇਸੀ (ਸੁੱਖ ਦੇ ਅਹਿਸਾਸ) ਦੇ ਪਿੱਛੇ ਦੀ ਪ੍ਰੇਰਣਾ ਮੰਨਦੇ ਹਨ, ਉਸੇ ਤਰ੍ਹਾਂ ਰੋਲਸ-ਰੱਇਸ ਖੁਦ ਆਪਣੇ ਮਾਲਕਾਂ ਨੂੰ ਇਸ ਗੱਲ ਦਾ ਯਕੀਨ ਦਵਾਏਗੀ ਕਿ ਹਰ ਨਵੇਂ ਦਿਨ ਦੀ ਸ਼ੁਰੁਆਤ ਨਾਲ ਸਭ ਕੁੱਝ ਸੰਭਵ ਹੁੰਦਾ ਹੈ।"*

**ਰੋਲਸ-ਰੱਇਸ ਮੋਟਰ ਕਾਰਾਂ ਦਾ ਚੀਫ ਐਗਜ਼ੀਕਿਊਟਿਵ ਅਫਸਰ, ਟੌਸਟਨ ਮਿਉਲਰ- ਏਟਵਸ**

**ਜਾਣ-ਪਛਾਣ**

**" ...ਸਹੀ ਦੇ ਨਜ਼ਦੀਕ ਜਾਂ ਠੀਕ-ਠੀਕ ਵਾਲਾ ਕੁੱਝ ਵੀ ਸਵੀਕਾਰ ਨਾ ਕਰੋ।"**

ਰੋਲਸ-ਰੱਇਸ ਦੇ ਸ਼ਬਦਕੋਸ਼ ਵਿੱਚ ਸਮਝੌਤਾ ਨਾਮ ਦਾ ਕੋਈ ਸ਼ਬਦ ਨਹੀਂ ਹੈ। ਅਸਲ ਵਿੱਚ ਇਹ ਕੰਪਨੀ ਅੱਜ ਵੀ ਇਸਦੇ ਸਹੀ-ਸੰਸਥਾਪਕ ਸਰ ਹੈਨਰੀ ਰੱਇਸ ਦੇ ਕਦਮਾਂ ਤੇ ਚੱਲ ਰਹੀ ਹੈ ਜਿਸਨੇ ਕਿਹਾ ਸੀ "ਆਪਣਾ ਹਰ

ਕੰਮ ਮੁਕੰਮਲ ਕਰੋ। ਜੋ ਮੌਜੂਦ ਹੈ ਉਸ ਵਿੱਚੋਂ ਸਭ ਤੋਂ ਵਧੀਆ ਚੁਣੋ, ਜੇਕਰ ਮੌਜੂਦ ਨਹੀਂ ਹੈ ਤਾ ਖੁਦ ਤਿਆਰ ਕਰੋ, ਸਹੀ ਦੇ ਨਜਦੀਕ ਜਾਂ ਠੀਕ-ਠੀਕ ਵਾਲਾ ਕੁੱਝ ਵੀ ਸਵੀਕਾਰ ਨਾ ਕਰੋ।

ਇਸ ਕਹਾਵਤ ਦਾ ਪਹਿਲਾ ਭਾਗ-"ਅਪਣਾ ਹਰ ਕੰਮ ਮੁਕੰਮਲ ਕਰੋ"- ਕੰਪਨੀ ਦੇ ਹਰ ਕੰਮ ਨੂੰ ਨਵੀਂ ਮੋਟਰ ਕਾਰ ਬਣਾਉਂਦੇ ਸਮੇਂ ਰਾਹ ਦਿਖਾਉਂਦਾ ਹੈ। ਦੂਸਰਾ ਭਾਗ "ਜੋ ਮੌਜੂਦ ਹੈ ਓਸ ਵਿੱਚੋਂ ਸਭ ਤੋਂ ਵਧੀਆ ਚੁਣੋ"- 2012 ਅਤੇ 2014 ਵਿੱਚ ਅੱਪਡੇਟ ਕੀਤੀਆਂ ਫੈਂਟਮ ਸੀਰੀਜ਼ 2 ਅਤੇ ਗੋਸਟ ਸੀਰੀਜ਼ 2 ਦੀ ਕਾਮਯਾਬੀ ਦਾ ਸਬੂਤ ਹੈ। ਅਤੇ ਜਦੋਂ ਰੋਲਸ-ਰੱਇਸ ਨੂੰ ਇਸ ਅਧਾਰ ਤੇ ਜੱਜ ਕੀਤਾ ਗਿਆ ਕਿ ਇੱਕ ਅਸਲੀ ਜੈਂਟਲਮੈਨ ਦੀ ਗਰੇਨ ਟੂਰਿਜਮੋ ਦਾ ਦੁਨੀਆਂ ਵਿਚ ਵਾਪਸੀ ਦਾ ਸਮਾਂ ਆ ਗਿਆ ਹੈ ਤਾਂ ਇਸਨੂੰ ਸਰ ਹੈਨਰੀ ਦੀ ਕਹਾਵਤ ਦੇ ਤੀਜੇ ਭਾਗ ਦਾ ਮਾਰਗਦਰਸ਼ਨ ਮਿਲਿਆ: "ਜਦੋਂ ਮੌਜੂਦ ਨਾ ਹੋਵੇ ਤਾਂ ਖੁਦ ਤਿਆਰ ਕਰੋ"। ਅਤੇ ਫਿਰ ਰੈਥ ਦਾ ਜਨਮ ਹੋਇਆ।

ਇਸ ਕਹਾਵਤ ਦਾ ਆਖਰੀ ਭਾਗ ਰੋਲਸ-ਰੱਇਸ ਦੇ ਡਿਜਾਇਨ ਅਤੇ ਇੰਜੀਨੀਅਰਿੰਗ ਟੀਮਾਂ ਬਾਰੇ ਦਸੱਦਾ ਹੈ ਕਿਓਂਕਿ ਉਨ੍ਹਾਂ ਨੇ ਓਪਨ-ਟੱਪ ਅਤੇ ਸੁਪਰ-ਲਗਜ਼ੁਰੀ ਮੋਟਰਿੰਗ ਦੇ ਨਵੇਂ ਯੁੱਗ ਦੀ ਸ਼ੁਰੂਆਤ ਲਈ ਕੰਮ ਕੀਤਾ। ਵੱਡੇ ਆਟੋਮੇਟਿਵ ਸਮਝੋਤਿਆਂ ਨਾਲ ਭਰਪੂਰ ਇੱਕ ਖੇਤਰ ਵਿੱਚ 2+2 ਸੀਟਾਂ ਦੀ ਸੰਰਚਨਾ- ਰੋਲਸ-ਰੱਇਸ ਨੇ "ਸਹੀ ਦੇ ਨਜਦੀਕ ਜਾਂ ਠੀਕ-ਠੀਕ ਵਾਲਾ ਕੁੱਝ ਵੀ ਸਵੀਕਾਰ ਨਹੀਂ ਕੀਤਾ"।

**"ਡਾਨ ਤੋਂ ਪਹਿਲਾਂ ਸਭ ਤੋਂ ਵੱਧ ਹਨੇਰਾ ਹੁੰਦਾ ਹੈ"**

ਚੁਨੌਤੀਆਂ ਵਾਲੇ ਸਮੇਂ ਵਿੱਚ ਵਾਕ "ਡਾਨ ਤੋਂ ਪਹਿਲਾਂ ਸਭ ਤੋਂ ਵੱਧ ਹਨੇਰਾ ਹੁੰਦਾ ਹੈ" ਅਸਲ ਵਿੱਚ ਅੰਗ੍ਰੇਜੀ ਸੁਧਾਰ ਪ੍ਰਚਾਰਕ ਥੋਮਸ ਫੁੱਲਰ ਦੁਆਰਾ ਮਸ਼ਹੂਰ ਕੀਤਾ ਗਿਆ ਜਿਸਦਾ ਅਰਥ ਹੈ ਆਸ ਦੇ ਚਾਨਣ ਦੇ ਰੂਪ ਵਿੱਚ ਵਿਸ਼ਵਵਿਆਪੀ। ਜਿਵੇਂ ਹੀ ਕੋਈ ਨਵੀਂ ਸਵੇਰ ਵਿੱਚ ਨਵੀਂ ਆਸ ਨਾਲ ਜਾਗਦਾ ਹੈ ਜੋ ਰਾਤ ਦੇ ਹਨੇਰੀਆਂ ਜਿਵੇਂ ਕਿ ਫੈਂਟਮਸ, ਗੋਸਟਸ, ਜਾਂ ਰੈਥਸ ਦੀ ਕਲਪਨਾ ਕਰਦਾ ਹੈ ਅਤੇ ਇੱਥੇ ਸਵੇਰ ਦੀ ਕਿਰਨ ਨਾਲ ਉਸਦਾ ਛੁਪਿਆ ਹੋਇਆ ਡਰ ਖਤਮ ਹੋ ਜਾਂਦਾ ਹੈ।

ਇਹੋ ਜਿਹਾ ਹੀ ਕੁੱਝ 1952 ਵਿੱਚ ਮਹਿਸੂਸ ਕੀਤਾ ਗਿਆ ਜਦੋਂ ਸੰਸਾਰ ਜੰਗ ਨਾਲ ਆਈ ਆਰਥਿਕ ਤੰਗੀ ਦੇ ਕਠੋਰ ਸਮੇਂ ਵਿੱਚੋਂ ਉਭਰ ਕੇ ਬਾਹਰ ਆਇਆ ਸੀ। ਉਸ ਸਾਲ ਦੁਨੀਆਂ ਦੇ ਪਹਿਲੇ ਯਾਤਰੀ ਵਿਮਾਨ ਬ੍ਰਿਟਿਸ਼ ਡੀਹੈਵੀਲੈਂਡ ਕੋਮੇਟ ਨੇ ਆਪਣੀ ਪਹਿਲੀ ਉਡਾਨ ਭਰੀ, ਬ੍ਰਹਿਮੰਡ ਦੀ ਸ਼ੁਰੂਆਤ ਨੂੰ ਦਰਸਾਉਂਦੀ ਬਿਗ ਬੈਂਗ ਦੀ ਥਿਓਰੀ ਸਾਹਮਣੇ ਆਈ ਅਤੇ ਰਾਣੀ ਏਲੀਜ਼ਾਬੇਥ ਦੂਜੀ ਯੂਨਾਇਟੇਡ ਕਿੰਗਡਮ ਦੇ ਸਿੰਘਾਸਨ ਤੇ ਬੈਠੀ ਸੀ। ਇਸ ਸਭ ਨਾਲ ਦੁਨੀਆਂ ਨੂੰ ਇੱਕ ਨਵੀਂ ਉਮੀਦ ਮਿਲੀ।

ਉਸੇ ਸਾਲ ਰੋਲਸ-ਰੱਇਸ ਸਿਲਵਰ ਡਾਨ ਡਰੱਪਹੈਡ ਨਵੀਂ ਰੋਲਸ-ਰੱਇਸ ਡਾਨ ਦੇ ਡਿਜ਼ਾਇਨਰਾਂ ਲਈ ਇੱਕ ਨਵੀਂ ਸੋਚ ਬਣੀ, ਅਤੇ ਇਹ ਰੋਲਸ-ਰੱਇਸ ਦਾ ਢਾਂਚਾ ਬਣਾਉਣ ਵਾਲੇ ਪਾਰਕ ਵਾਰਡ ਦੁਆਰਾ ਸੰਪੂਰਨ ਕਰਕੇ ਕਨੇਡਾ ਵਿੱਚ ਇਸਦੇ ਪਹਿਲੇ ਗ੍ਰਾਹਕ ਕਰਨਲ ਡਬਲਿਊ.ਏ. ਫਿਲਿਪਸ ਨੂੰ ਦਿੱਤੀ ਗਈ।

ਰੋਲਸ-ਰੱਇਸ ਦੀ ਨਵੀਂ ਸ਼ੁਰੁਆਤ ਦੇ ਸਮੇਂ ਅਸਲੀ ਸਿਲਵਰ ਡਾਨ ਪਹਿਲੀ ਰੋਲਸ-ਰੱਇਸ ਸੀ ਜੋ ਕੰਪਨੀ ਦੁਆਰਾ ਬਣਾਏ ਢਾਂਚੇ ਨਾਲ ਪੇਸ਼ ਕੀਤੀ ਗਈ। ਫਿਰ ਡਰਾੱਪਹੈਡ ਰੋਲਸ-ਰਾੱਇਸ ਨੂੰ ਸਿਲਵਰ ਡਾਨ ਦਾ ਨਾਮ ਦਿੱਤਾ ਗਿਆ ਜਦੋਂ ਤੋਂ ਅਸੀਂ ਜਿੰਦਗੀ ਦਾ ਆਨੰਦ ਮਾਨਣਾ ਆਰੰਭ ਕੀਤਾ ਅਤੇ ਲਾ ਡਾਲਕ ਵਿਟਾ ਦਾ ਪਿੱਛਾ ਕਰਦੇ ਹੋਏ ਇਸਦੀ ਵਿਲੱਖਣਤਾ ਅਤੇ ਦੁਰਲਭਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਸਮਾਜ ਦੇ ਆਸ਼ਾਵਾਦੀ ਨਜ਼ਰਿਏ ਦੇ ਨਾਲ ਇਹ ਵੱਖਰੇ ਵੱਖਰੇ ਗ੍ਰਾਹਕਾਂ ਲਈ ਤਿਆਰ ਕੀਤੀ ਗਈ।

ਰੋਲਸ-ਰੱਇਸ ਦਾ ਇਹ ਮਸ਼ਹੂਰ ਅਤੇ ਵੱਖਰਾ ਨਾਮ 1950 ਤੋਂ 1954 ਦੇ ਦੌਰਾਨ ਸਿਰਫ ਗਿਣੇ ਚੁਣੇ 28 ਸਪੈਸ਼ਲ ਡਰਾੱਪਹੈਡ ਢਾਂਚਿਆਂ ਨੂੰ ਦਿੱਤਾ ਗਿਆ ਸੀ।

ਰੋਲਸ-ਰੱਇਸ ਦੀ ਨਵੀਂ ਡਾਨ ਨੂੰ ਸਿਲਵਰ ਡਾਨ ਤੋਂ ਪ੍ਰੇਰਨਾ ਮਿਲੀ ਜੋ ਦੁਨੀਆਂ ਦੀਆਂ ਸੁਪਰ-ਲਗਜ਼ਰੀ ਮੋਟਰ ਕਾਰਾਂ ਵਿੱਚੋਂ ਇੱਕ ਸੀ। ਇਸ ਚਾਰ ਸੀਟਾਂ ਵਾਲੀ ਸੁਪਰ-ਲਗਜ਼ਰੀ ਕਨਵਰਟੀਬਲ ਮੋਟਰ ਕਾਰ ਦਾ ਅਨੋਖਾ ਆਧੁਨਿਕ ਸਪਸ਼ਟੀਕਰਨ 2015 ਵਿੱਚ ਹੋਣਾ ਚਾਹੀਦਾ ਹੈ। ਇਹ ਵੱਖਰੀ ਸੁਧਰੀ ਹੋਈ ਅਤੇ ਸਭ ਤੋਂ ਜਿਆਦਾ ਸਮਾਜਿਕ ਸੁਪਰ-ਲਗਜ਼ਰੀ ਕਾਰ ਹੈ।

1952 ਦੀ ਸਿਲਵਰ ਡਾਨ ਡਰਾੱਪਹੈਡ ਦੀ ਤਰ੍ਹਾਂ ਹੀ ਨਵੀਂ ਰੋਲਸ-ਰੱਇਸ ਡਾਨ 80% ਅਨੋਖੇ ਢਾਂਚੇ ਨਾਲ ਆਪਣੇ ਸਥਿਰ ਸਾਥੀਆਂ ਤੋਂ ਵੱਖਰੀ ਹੈ।

ਅਸਲ ਵਿੱਚ ਅਜਿਹਾ ਧਿਆਨ ਇਸ ਸ਼ਾਨਦਾਰ ਸੁਪਰ-ਲਗਜੁਰੀ ਨਵੀਂ ਡਾਨ ਨੂੰ ਇਹ ਪੱਕਾ ਕਰਨ ਲਈ ਦਿੱਤਾ ਗਿਆ ਹੈ ਕਿ ਕੀ ਇਹ ਆਪਣੇ ਵਾਦੇ ਤੇ ਖਰਾ ਉਤਰ ਰਹੀ ਹੈ, ਰੋਲਸ-ਰੱਇਸ ਦੇ ਘਰ ਗੁਡਵੁੱਡ, ਇੰਗਲੈਂਡ ਤੋਂ ਨਿਕਲ ਰਹੀ ਹਰ ਰੋਲਸ-ਰੱਇਸ ਤੋਂ ਇਹ ਆਸ਼ਾ ਰੱਖੀ ਜਾਂਦੀ ਹੈ ਕਿ ਕੀ ਇਸਦੇ ਟਾਇਰ ਜੋ ਨਵੀਂ ਰੋਲਸ-ਰੱਇਸ ਡਾਨ ਨੂੰ ਸੜਕ ਨਾਲ ਜੋੜਕੇ ਰੱਖਣਗੇ, ਉੱਚੇ ਪੱਧਰ ਵਾਲਾ ਡ੍ਰਾਇਵਿੰਗ ਅਨੁਭਵ ਪ੍ਰਦਾਨ ਕਰਨ ਅਤੇ ਡ੍ਰਾਈਵਰ ਨੂੰ ਅਜਿਹਾ ਮਹਿਸੂਸ ਕਰਵਾਉਂਣ ਕਿ ਜਿਵੇਂ ਓਹ ਜਾਦੁਈ ਕਲੀਨ ਤੇ ਉੱਡ ਰਿਹਾ ਹੈ।

ਅਤੇ ਡਾਨ ਦੀ ਛੱਤ ਬਣਾਉਣ ਦੇ ਲਈ ਇੰਜੀਨੀਅਰਿੰਗ ਅਤੇ ਮੈਨੂਫ਼ਓਮਪ;ਕਚਰਿੰਗ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਜੋ ਅਜੇ ਤੱਕ ਆਧੁਨਿਕ ਮੋਟਰ ਇੰਡਸਟਰੀ ਵਿੱਚ ਕਦੇ ਵੀ ਨਹੀਂ ਸੁਣਿਆ ਗਿਆ ਸੀ, ਰੋਸਲ-ਰੱਇਸ ਡਾਨ ਆਪਣੀ ਛੱਤ ਲਗਾਉਂਣ ‘ਤੇ ਰੈਥ ਜਿਹੀ ਸ਼ਾਂਤੀ ਪ੍ਰਦਾਨ ਕਰਦੀ ਹੈ ਅਤੇ ਇਹ 50ਕਿਮੀ ਦੀ ਰਫਤਾਰ ਤੇ ਸਿਰਫ 20 ਸਕਿੰਟਾਂ ਵਿੱਚ ਹੀ ਪੂਰੀ ਸ਼ਾਂਤੀ ਪ੍ਰਦਾਨ ਕਰ ਦਿੰਦੀ ਹੈ।

ਇਹ ਕਹਿਣਾ ਸੁਰੱਖਿਅਤ ਹੋਵੇਗਾ ਕਿ ਰੋਲਸ-ਰੱਇਸ ਡਾਨ ਹੁਣ ਤੱਕ ਦੀ ਸਭ ਤੋਂ ਵੱਧ ਸ਼ਾਂਤ ਓਪਨ-ਟੱਪ ਕਾਰ ਹੈ

**ਡਿਜਾਇਨ**

2+2 ≠ 4

ਰੋਲਸ-ਰੱਇਸ ਦੀ ਦੁਨੀਆਂ ਵਿੱਚ, ਅਸੀਂ ਹਰ ਦਿਨ ਗਣਿਤ ਦੇ ਨਿਯਮਾਂ ਦੀ ਵਰਤੋ ਨਹੀ ਕਰਦੇ। ਇਸ ਲਈ ਮੈਂ ਕਹਿੰਦਾ ਹਾਂ ਕਿ ਨਵੇਂ ਰੋਲਸ-ਰੱਇਸ ਡਾਨ ਵਿੱਚ ਦੋ ਅਤੇ ਦੋ ਚਾਰ ਦੇ ਬਰਾਬਰ ਨਹੀ ਹੁੰਦੇ।

**ਗਾਇਲਸ ਟੇਲਰ, ਰੋਲਸ-ਰੱਇਸ ਮੋਟਰ ਕਾਰਾਂ ਦੇ ਡਿਜਾਇਨ ਦੇ ਡਾਇਰੈਕਟਰ,**

ਓਪਨ-ਟੱਪ ਮੋਟਰ ਕਾਰ ਖੇਤਰ ਦੀ ਜਾਂਚ ਕਰਦੇ ਹੋਏ ਅਤੇ ਵਿਸੇਸ਼ ਤੋਰ ਤੇ ਇਸਦੇ ਉੱਚ ਮੁੱਲ ਵਾਲੀ ਲਗਜਰੀ ਸਥਾਨ ਦਾ ਅਧਿਆਨ ਕਰਦੇ ਹੋਏ, ਰੋਲਸ-ਰੱਇਸ ਦੇ ਡਿਜਾਈਨਰਾਂ ਨੂੰ ਇਹ ਸਪਸ਼ਟ ਹੋ ਗਿਆ ਸੀ ਕਿ ਉਪਭੋਗਤਾ ਬਹੁਤ ਜਲਦੀ ਤਬਦੀਲ ਹੋ ਰਹੇ ਸਨ। ਰੋਲਸ-ਰੱਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ ਸੰਰਚਨਾ- 2+2 ਸੈੱਟ ਅੱਪ- ਤੰਗ ਸੋਚ ਵਾਲੀ ਸਮਝ ਉੱਤੇ ਧਿਆਨ ਦੇਣਾ ਇੱਕ ਸਮਝੋਤੇ ਦੇ ਬਰਾਬਰ ਸੀ।

ਆਮ ਤੋਰ ਤੇ ਇਹ ਮੰਨਿਆਂ ਜਾਂਦਾ ਹੈ ਕਿ 2+2 ਬਣਤਰ ਵਾਲੀਆਂ ਸੀਟਾਂ ਇੱਕ ਡਰਾਈਵਰ ਅਤੇ ਇੱਕ ਯਾਤਰੀ ਲਈ ਅਗਲੇ ਹਿੱਸੇ ਵਿੱਚ ਦੋ ਛੋਟੀਆਂ ਸੀਟਾਂ ਕਦੀ ਕਦੀ ਸਫਰ ਕਰਨ ਵਾਲੇ ਯਾਤਰੀਆਂ ਜਾਂ ਬੱਚਿਆਂ ਲਈ ਕਾਰ ਦੇ ਪਿਛਲੇ ਹਿੱਸੇ ਵਿੱਚ ਹੁੰਦੀਆਂ ਹਨ। ਪਿਛਲੀਆਂ ਸੀਟਾਂ ਵਿਚਕਾਰ ਲੱਤਾਂ ਨੂੰ ਅਰਾਮ ਦੇਣ ਲਈ ਰੱਖੇ ਗਏ ਵਿਹਲ ਦਾ ਨਾ ਹੋਣਾ ਜ਼ਿਆਦਾ ਧਿਆਨ ਦੇਣ ਵਾਲੀ ਗੱਲ ਹੈ। ਇਹ ਕਾਰ ਨੂੰ ਘੱਟ ਅਰਾਮਦਾਇਕ ਬਣਾਉਂਦਾ ਹੈ ਅਤੇ ਕਾਰ ਦੀ ਉਪਯੋਗਤਾ ਨੂੰ ਘਟਾਉਂਦਾ ਹੈ। ਪਰਿਵਰਤਨਸ਼ੀਲ ਢਾਂਚੇ ਦੇ ਮਾਮਲੇ ਵਿੱਚ ਜੇਕਰ ਜਗ੍ਹਾ ਘੱਟ ਹੈ ਤਾਂ ਇਸਨੂੰ ਅਕਸਰ ਬਣਾਉਣ ਵਾਲੇ ਦੀ ਗਲਤੀ ਮੰਨਿਆਂ ਜਾਂਦਾ ਹੈ ਕਿਓਂਕਿ ਓਹ ਕਾਰ ਦੀ ਪਰਿਵਰਤਨਸ਼ੀਲ ਛੱਤ ਨੂੰ ਪਿਛਲੀਆਂ ਸੀਟਾਂ ਅਤੇ ਕਾਰ ਵਿੱਚ ਪੈਰ ਰੱਖਣ ਵਾਲੀ ਜਗ੍ਹਾ ਨਾਲ ਇਕੱਠਾ ਮਿਲਾਉਣ ਵਿੱਚ ਅਸਮਰੱਥ ਹੁੰਦਾ ਹੈ। ਇਹ ਨਤੀਜਾ ਓਪਨ-ਟੱਪ ਕਾਰਾਂ ਦੁਆਰਾ ਵਸਾਈ ਗਈ ਸੰਸਥਾ ਹੈ ਜਿਸਨੂ ਰੋਲਸ-ਰੱਇਸ ਇੱਕ ਤਰ੍ਹਾਂ ਦਾ ਸਮਝੌਤਾ ਅਤੇ ਅਸਮਾਜਿਕ ਸਮਝੇਗੀ।

"ਰੋਲਸ-ਰੱਇਸ ਵਿੱਚ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਅਸੀਂ ਵੱਧੀਆ ਗੱਡੀਆਂ ਦੇ ਨਿਰਮਾਤਾ ਹਾਂ ਜੋ ਕਿ ਸਮਾਜਿਕ ਵੀ ਹਨ" ਟੇਲਰ ਨੇ ਕਿਹਾ। ਡਾਨ ਵਰਗੀ ਕਾਰ ਜੋ ਕਿ ਸਿਰਫ ਦੋ ਨੌਜਵਾਨਾਂ ਦੁਆਰਾ ਦਿਨ ਪ੍ਰਤੀ ਦਿਨ ਅਰਾਮਦਾਇਕ ਤਰੀਕੇ ਨਾਲ ਵਰਤੀ ਜਾ ਸਕਦੀ ਹੈ, ਬਣਾਉਣ ਦਾ ਸੁਝਾਓ ਇਕ ਤਰ੍ਹਾਂ ਦਾ ਸਮਝੌਤਾ ਹੈ। ਡਾਨ ਦਾ ਨਿਰਮਾਣ ਕਰਨ ਸਮੇਂ ਅਸੀਂ ਚਾਰ ਨੌਜਵਾਨਾ ਦੇ ਅਰਾਮ ਨਾਲ ਕਿਸੇ ਤਰ੍ਹਾਂ ਦੇ ਸਮਝੋਤੇ ਨੂੰ ਸਵੀਕਾਰ ਨਹੀ ਕੀਤਾ ਜੋ ਇਕੱਠੇ ਵਧੀਆ ਸਫਰ ਕਰਨਾ ਚਾਹੁੰਦੇ ਹੋਣ"।

**ਇੱਕ ਸ਼ਾਨਦਾਰ, ਆਕਰਸ਼ਿਤ ਕਰਨ ਵਾਲਾ ਮੇਲ**

*"ਡਾਨ ਇੱਕ ਰੋਲਸ-ਰੱਇਸ ਹੈ ਜੋ ਰੂਟ ਨੈਪੋਲੀਅਨ ਉੱਤੇ ਪੂਰੀ ਤਰ੍ਹਾਂ ਘਰ ਵਾਂਗ ਮਹਿਸੂਸ ਕਰਦੀ ਹੈ।ਇਹ ਕੋਟ ਡੀ'ਆਜੁਰ 'ਤੇ ਜੀਵਨ ਦੇ ਲਈ ਇੱਕ ਆਧੁਨਿਕ ਸ਼ਰਧਾਂਜਲੀ ਹੈ। ਕੈਸੀਨੋ ਦੇ ਰਹਿਣ-ਸਹਿਣ ਵਿੱਚ ਇਹ ਕਾਰ ਇੱਕ ਆਧੁਨਿਕ ਪ੍ਰਾਪਤੀ ਹੈ। ਸ਼ਾਇਦ ਚਰਿੱਤਰ ਵਿੱਚ ਇਸਨੂੰ ਲਾਪਰਵਾਹ ਮੰਨਿਆਂ ਜਾਵੇ ਪਰ ਇਹ ਸਿਰਫ ਉਨ੍ਹਾਂ ਲੋਕਾਂ ਦਾ ਧਿਆਨ ਖਿੱਚਣ ਲਈ ਤਿਆਰ ਕੀਤੀ ਗਈ ਹੈ ਜੋ ਅਜ਼ਾਦੀ ਅਤੇ ਕਠਿਨਾਈਆਂ ਦਾ ਅਨੰਦ ਮਾਣਦੇ ਹਨ," ਡਿਜਾਇਨ ਦੇ ਡਾਇਰੈਕਟਰ ਗਾਇਲ੍ਸ ਟੇਲਰ ਨੇ ਕਿਹਾ।*

Rolls-Royce Motor Cars

The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

*"ਰੋਲਸ-ਰੱਇਸ ਵਿੱਚ ਹੁੰਦੇ ਹੋਏ ਅਸੀਂ ਬਿਨਾ ਸਮਝੌਤੇ ਦੇ ਕਾਰ ਨੂੰ ਡਿਜਾਇਨ ਕਰਦੇ ਹਾਂ, ਅਤੇ ਇਹ ਬਿਨਾ ਸਮਝੌਤੇ ਵਾਲੇ ਡਿਜਾਇਨ ਹਰੇਕ ਨਵੀਂ ਕਾਰ ਨਾਲ ਨਵੀਂ ਚੁਣੌਤੀ ਲੈ ਕੇ ਆਉਂਦੇ ਹਨ," ਟੇਲਰ ਨੇ ਅੱਗੇ ਕਿਹਾ। "ਨਵੀ ਰੋਲਸ-ਰੱਇਸ ਡਾਨ ਦੇ ਮਾਮਲੇ ਵਿੱਚ ਅਸੀਂ ਇਸਨੂੰ ਉੱਚ ਪੱਧਰ ਤੇ ਡਿਜਾਇਨ ਕੀਤਾ ਹੈ ਤਾਂ ਜੋ ਇਹ ਇੱਕ ਸ਼ਾਨਦਾਰ ਅਤੇ ਆਕਰਸ਼ਿਤ ਕਰਨ ਵਾਲਾ ਮੇਲ ਪੇਸ਼ ਕਰੇ"।*

ਨਵੀਂ ਰੋਲਸ-ਰੱਇਸ ਡਾਨ ਦੇਖਣ ਵਾਲੇ ਦਾ ਸਵਾਗਤ ਕਲਾਸਿਕ ਰੋਲਸ-ਰੱਇਸ ਦੀ ਮੌਜੂਦਗੀ ਅਤੇ ਹੋਂਦ ਦਾ ਅਹਿਸਾਸ ਕਰਵਾਉਂਦੇ ਹੋਏ ਸ਼ਾਨਦਾਰ ਸੁੰਦਰ ਬਾਹਰੀ ਬਣਤਰ ਨਾਲ ਕਰਦੀ ਹੈ। ਇਹ ਸਭ ਤੋਂ ਅਨੋਖੀ ਰੋਲਸ-ਰੱਇਸ ਹੈ ਅਤੇ ਇਸਦੇ ਨਾਲ ਹੀ ਇਹ ਪਿਆਰੀਆਂ ਅਤੇ ਮੋਹ ਲੈਣ ਵਾਲੀਆਂ ਖੂਬੀਆਂ ਵਾਲੀ ਕਾਰ ਹੈ ਜੋ ਡਰਾੱਪਹੈਡ ਕਾਰਾਂ ਵਿੱਚ ਕੁਸ਼ਲ, ਵਿਕਾਸਸ਼ੀਲ ਅਤੇ ਸਾਫ ਸੁਥਰਾ ਹੋਣ ਦਾ ਨਵਾਂ ਪੱਧਰ ਆਪਣੇ ਨਾਲ ਲਿਆਉਂਦੀ ਹੈ, ਅਤੇ ਨਾਲ ਹੀ ਇਹ ਇੱਕ ਸ਼ਾਂਤਮਈ ਪਰ ਸਮਝੌਤਾ ਨਾ ਕੀਤੇ ਜਾਣ ਵਾਲੀ ਅਜ਼ਾਦੀ ਵਾਲੇ ਬਿਹਤਰੀ ਨਜਰੀਏ ਵਾਲੀ ਕਾਰ ਹੈ।

ਆਪਣੇ ਅੰਦਰ ਦੀ ਖੁਸ਼ੀ ਪ੍ਰਦਾਨ ਕਰਨ ਵਾਲੀ ਸ਼ਕਤੀ ਨਾਲ ਇਹ ਕਾਰ ਨਿਮਰਤਾ ਦਾ ਨਵਾਂ ਪੱਧਰ ਅਤੇ ਆਰਾਮਦਾਇਕ ਸਰੀਰਕ ਤਜੁਰਬਾ ਪ੍ਰਦਾਨ ਕਰਦੀ ਹੈ। ਇਹ ਸਭ ਅਰਾਮ ਅਤੇ ਖੁਲੀ ਥਾਂ ਨਾਲ ਕੀਤੇ ਬਿਨਾਂ ਕਿਸੇ ਵੀ ਸਮਝੌਤੇ ਕਰਕੇ ਹੈ। ਇਸ ਨਵੀਂ ਰੋਲਸ-ਰੱਇਸ ਵਿੱਚ ਸ਼ਕਤੀਸ਼ਾਲੀ ਅਤੇ ਸਮਾਜਿਕ ਖੂਬੀਆਂ ਹਨ ਜੋ ਦੁਨੀਆਂ ਦੇ ਖੁੱਲੀ ਸੋਚ ਵਾਲੇ, ਜਵਾਨ, ਅਤੇ ਸਮਾਜ ਦੀ ਸਹੀ ਪਛਾਣ ਕਰਨ ਵਾਲੇ ਲੋਕਾਂ ਨੂੰ ਆਕਰਸ਼ਿਤ ਕਰਦੀਆਂ ਹਨ।

ਮੀਡੀਆ ਦੀ ਰਿਪੋਰਟ ਦੇ ਉਲਟ, ਨਵੀਂ ਰੋਲਸ-ਰੱਇਸ ਡਾਨ ਇੱਕ ਰੈਥ ਡਰਾੱਪਹੈਡ ਨਹੀਂ ਹੈ। ਨਵੀਂ ਡਾਨ ਦੇ ਬਾਹਰੀ ਢਾਂਚੇ ਦੇ ਪੈਨਲਾਂ ਦਾ 80% ਭਾਗ ਰੋਲਸ-ਰੱਇਸ ਦੇ ਨਵੇਂ ਡਿਜਾਇਨ ਦੀ ਭਾਸ਼ਾ ਦਾ ਵਿਕਾਸ ਕਰਦਾ ਹੈ ਅਤੇ ਅਤਿਆਧੁਨਿਕ ਫੋਰ-ਸੀਟ ਸੁਪਰ-ਲਗਜ਼ੂਰੀ ਡਰਾੱਪਹੈਡ ਆਰਕੀਟੈਕਚਰ ਨੂੰ ਸੰਖੇਪ ਕਰਦਾ ਹੈ।

ਉਦੇਸ਼ ਸਪਸ਼ਟ ਹੈ। ਉਹ ਕਰਨਾ ਜੋ ਕੋਈ ਹੋਰ ਕਾਰ ਨਿਰਮਾਤਾ ਅਜੇ ਤੱਕ ਨਹੀਂ ਕਰ ਸਕੇ, ਮਤਲਬ ਇਹੋ ਜਿਹੀ ਕਾਰ ਦਾ ਨਿਰਮਾਣ ਕਰਨਾ ਹੈ ਜੋ ਉੱਪਰ ਛੱਤ ਹੋਣ ਤੇ ਅਤੇ ਛੱਤ ਨਾ ਹੋਣ ਤੇ ਵੀ ਸੋਹਣੀ ਲੱਗੇ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਡਿਜਾਇਨ ਕਰਨ ਵਾਲੀ ਟੀਮ ਦੀ ਬੇਅਰਾਮੀ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ ਇੱਕ ਕਾਰ ਵਿੱਚ ਦੋ ਕਾਰਾਂ ਦਾ ਨਿਰਮਾਣ ਕੀਤਾ ਹੈ।

**ਐਕਸਟੀਰੀਅਰ ਡਿਜ਼ਾਈਨ**

ਰੋਲਸ-ਰੱਇਸ ਡਾਨ ਨੇ ਰੋਲਸ-ਰੱਇਸ ਦੇ ਕਦੀ ਨਾ ਮਿਟਣ ਵਾਲੇ ਨਿਯਮਾਂ ਨੂੰ ਬਣਾਈ ਰੱਖਿਆ ਹੈ- 2:1 ਟਾਇਰਾਂ ਦੀ ਢਾਂਚੇ ਦੇ ਬਰਾਬਰ ਉਚਾਈ, ਲੰਬਾ ਬੋਨਟ, ਅੱਗੇ ਵਾਲਾ ਛੋਟਾ ਓਵਰਹੈਂਗ, ਲੰਬਾ ਰੀਅਰ ਓਵਰਹੈਂਗ, ਇੱਕ ਸ਼ਾਨਦਾਰ ਟੇਪਰਿੰਗ ਰੀਅਰ ਗ੍ਰਾਫਿਕ ਅਤੇ ਇੱਕ ਹਾਈ ਸ਼ੋਲਡਰ ਲਾਈਨ।

ਇਹ ਸਭ ਕੁੱਝ ਇੱਕ ਸੁੰਦਰ ਆਧੁਨਿਕ ਡਿਜਾਇਨ ਵਿੱਚ ਦਿੱਤਾ ਗਿਆ ਹੈ।

ਇੱਕ ਏਥਲੀਟ ਦੀ ਤਰ੍ਹਾਂ ਰੋਲਸ-ਰੱਇਸ ਡਾਨ ਵੀ ਸੰਤੁਲਿਤ, ਸਿੱਖਿਅਤ, ਅਤੇ ਚੱਲਣ ਲਈ ਤਿਆਰ ਦਿਖਾਈ ਦਿੰਦੀ ਹੈ। ਸਰਫੇਸਾਂ ਵਿੱਚ ਸ਼ਾਨਦਾਰ ਰਫਤਾਰ ਅਤੇ ਟੈਂਸ਼ਨ ਨੂੰ ਬਿਲਕੁਲ ਨਵੇਂ ਮੁੜੇ ਹੋਏ ਪੈਨਲਾਂ ਨਾਲ ਵਧਾਇਆ ਗਿਆ ਹੈ ਜੋ ਇੱਕ ਜ਼ਿਆਦਾ ਟਾਈਟ ਸਰਫੇਸ ਤਿਆਰ ਕਰਦੇ ਹਨ ਅਤੇ ਵਧੇਰੇ ਸ਼ਕਤੀਸ਼ਾਲੀ ਆਕਾਰ ਪ੍ਰਦਾਨ ਕਰਦੇ ਹਨ ਜੋ ਇਸਦੇ ਹੇਠਲੀ ਸ਼ਕਦੀ ਵੱਲ ਇਸ਼ਾਰਾ ਕਰਦਾ ਹੈ।

ਡਾਨ ਦਾ ਸ਼ਕਤੀਸ਼ਾਲੀ ਅਤੇ ਸੁੰਦਰ ਅਗਲਾ ਹਿੱਸਾ ਇਸਨੂੰ ਮੋਹਿਤ ਕਰਨ ਵਾਲਾ ਪਰ ਉੱਤੇਜਿਤ, ਲਗਭਗ ਸ਼ਕਤੀਸ਼ਾਲੀ ਰੂਪ ਪ੍ਰਦਾਨ ਕਰਦਾ ਹੈ, ਫਿਰ ਇਸਦੀ ਬੋਲਡ ਸਵੀਪੀਂਗ ਸ਼ੋਲਡਰ ਲਾਈਨ ਜੋ ਪਿਛਲੇ ਟਾਇਰਾਂ ਦੇ ਉੱਪਰ ਵਾਲੇ ਸੁੰਦਰ ਹਿੱਸੇ ਤੋਂ ਚੌੜਾ ਰਸਤਾ ਬਣਾਉਂਦੇ ਹੋਏ ਗੁਜਰਦੀ ਹੈ ਇਸਨੂੰ ਹੋਰ ਵੀ ਆਕਰਸਕ ਬਣਾਉਂਦੀ ਹੈ। ਇਸਦੇ ਬੋਨਟ ਉੱਪਰ ਇੱਕ ਉਭਰੇ ਹੋਏ ਅਕਾਰ ਵਾਲਾ ਵੇਕ ਚੈਨਲ ਇਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਅਨੰਦਮਈ ਆਤਮਾ ਦੇ ਖੰਭ ਹੋਣ ਅਤੇ ਇਹ ਕਿਸੇ ਜੈਟ ਦੇ ਵੇਪਰ ਟਰੇਲ ਨੂੰ ਦਰਸਾਉਂਦਾ ਹੈ ਜੋ ਕਾਰ ਦੀ ਸ਼ਕਤੀ ਵੱਲ ਸੰਕੇਤ ਕਰਦਾ ਹੈ। ਇਸਦੀ ਹਾਈ ਸ਼ੋਲਡਰ ਲਾਈਨ ਨਾਲ ਬਹੁਤ ਵੱਡਾ ਸੀ-ਪਿੱਲਰ ਅਤੇ ਹਾਰੀਜੰਟਲੀ ਨੈਰੋ ਸਾਇਡ ਵਿੰਡੋ ਓਪਨਿੰਗ, ਇੱਕ ਪਾਸੇ ਤੋਂ ਅਤੇ ਛੱਤ ਉਪਰੋਂ ਦੇਖਣ ਨਾਲ ਕਾਰ ਇੱਕ ਛੋਟੀ ਗਰਮ ਰਾਡ ਵਾਂਗ ਦਿਖਾਈ ਦਿੰਦੀ ਹੈ।

ਰੈਥ ਦੇ ਮੁਕਾਬਲੇ ਅਗਲੇ ਹਿੱਸੇ ਤੇ ਗ੍ਰਿਲ ਨੂੰ ਲਗਭਗ 45ਐਮਐਮ ਘਟਾਇਆ ਗਿਆ ਹੈ ਅਤੇ ਬੰਪਰ ਦਾ ਅਗਲਾ ਹੇਠਾਂ ਵਾਲਾ ਹਿੱਸਾ 53ਐਮਐਮ ਵਧਾਇਆ ਗਿਆ ਹੈ। ਇਹ ਜੈਟ ਏਅਰ ਇਨਟੇਕ ਫੇਸ ਨੂੰ ਦੇਖਣ ਅਤੇ ਖੜੀ ਸਥਿਤੀ ਵਿੱਚ ਕਾਰ ਤੇ ਧਿਆਨ ਕੇਂਦ੍ਰਿਤ ਕਰਨ ਲਈ ਕੀਤਾ ਗਿਆ ਹੈ। ਇਹ ਗ੍ਰਿਲ ਡਿਜ਼ਾਈਨ ਕਾਰ ਦੀ ਟੈਂਸ਼ਨ ਨੂੰ ਪਿਛਲੇ ਸ਼ੋਲਡਰਾਂ ਵੱਲ ਲਿਜਾਉਣ ਵਿੱਚ ਮਦਦ ਕਰਦਾ ਹੈ ਜੋ ਕਿ ਡਾਨ ਦੀ ਇੱਕ ਅਨੋਖੀ ਖੂਬੀ ਹੈ।

ਗ੍ਰਿਲ ਅਤੇ ਬੰਪਰ ਕਾਰ ਦੀਆਂ ਹਾਰੀਜੰਟਲ ਲਾਈਨਾਂ ਤੇ ਧਿਆਨ ਕੇਂਦ੍ਰਿਤ ਕਰਦੇ ਹਨ ਨਾ ਕਿ ਵਰਟੀਕਲ ਲਾਈਨਾਂ ਤੇ ਜਿਵੇ ਕਿ ਰੋਲਸ-ਰੱਇਸ ਦੇ ਪਰਿਵਾਰ ਦੀ ਕਿਸੇ ਹੋਰ ਕਾਰ ਵਿੱਚ ਹੁੰਦਾ ਹੈ। ਬੰਪਰ ਤੇ ਨੰਬਰ ਪਲੇਟ ਸੁਰਾਊਂਡ ਅਤੇ ਨਵਾਂ ਧਿਆਨ ਖਿੱਚਣ ਵਾਲ ਲੋਅਰ ਏਅਰ ਡੈਮ ਲਗਾਇਆ ਗਿਆ ਹੈ। ਹੇਠਲੇ ਬੋਰਡ ਵਾਲਾ ਮੈਸ਼ ਘਟਾਇਆ ਗਿਆ ਹੈ ਜੋ ਕਿ ਰੰਗ ਦਾ ਕਾਲਾ ਹੈ, ਜੋ ਡੂੰਘਾਈ ਦਾ ਅਹਿਸਾਸ ਪੈਦਾ ਕਰਨ ਵਿੱਚ ਮਦਦ ਕਰਦਾ ਹੈ ਅਤੇ ਜੋ ਗ੍ਰਿਲ ਦੀ ਡੂੰਘਾਈ ਨੂੰ ਵਧਾਉਂਦਾ ਹੈ। ਕਾਰ ਦੀਆਂ ਹਾਰੀਜੰਟਲ ਲਾਈਨਾਂ ਨੂੰ ਸਹੀ ਕਰਨ ਅਤੇ ਵਧੀਆ ਬਣਾਉਣ ਲਈ ਅਤੇ ਕਾਰ ਤੇ ਦੇਖਣ ਵਾਲੇ ਦੀਆਂ ਅੱਖਾਂ ਨੂੰ ਜਮਾਈ ਰੱਖਣ ਲਈ ਕ੍ਰੋਮ ਬਲੇਡ ਵੀ ਕਾਰ ਨੂੰ ਆਕਰਸ਼ਕ ਬਣਾਉਂਦੇ ਹਨ। ਇਸ ਤਰ੍ਹਾਂ ਸ਼ਕਤੀ ਅਤੇ ਡੂੰਘਾਈ ਦਾ ਪ੍ਰਭਾਵ ਵੱਧਦਾ ਹੈ।

ਰੋਲਸ-ਰੱਇਸ ਡਾਨ ਨੂੰ ਇੱਕ ਪਾਸਿਓਂ ਦੇਖਣ ਤੇ ਕੋਈ ਵੀ ਇਨਸਾਨ ਕਾਰ ਦੀ ਸ਼ਾਨਦਾਰ ਪ੍ਰੋਫਾਈਲ ਬਾਰੇ ਜਾਣ ਜਾਂਦਾ ਹੈ। ਕਾਰ ਦਾ ਉੱਪਰ ਵਾਲਾ ਮੁਲਾਇਅਮ ਆਕਾਰ ਪੂਰੀ ਤਰ੍ਹਾਂ ਨਾਲ ਸੰਤੁਲਤ ਅਤੇ ਇੱਕੋ-ਜਿਹਾ ਹੈ ਜੋ ਕਿਸੇ ਹੋਰ ਕਾਰਾਂ ਦੇ ਉੱਪਰ ਵਾਲੇ ਮੁਲਾਇਅਮ ਹਿੱਸੇ ਵਿੱਚ ਦੇਖੇ ਜਾਣ ਵਾਲੇ ਭੱਦੇ ਖੋਖਲੇ ਸਥਾਨ ਜਾਂ ਤਿੱਖੀਆਂ ਰਾਡਾਂ ਤੋਂ ਵੱਖ ਹੈ। 21 ” ਨਾਲ ਪੋਲਿਸ਼ ਕੀਤੇ ਅਤੇ 21 ” ਅਤੇ 21 ” ਪੇਂਟ ਵਾਲੇਟਾਇਰ ਡਾਨ ਨੂੰ ਰੋਲਸ-ਰੱਇਸ ਲਗਜ਼ਰੀ ਦੀ ਆਧੁਨਿਕ ਕਾਰ ਹੋਣ ਦਾ ਮਾਣ ਦਿੰਦੇ ਹਨ।

Rolls-Royce Motor Cars

The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

ਕਾਰ ਦਾ ਪਿਛਲਾ ਅੰਤਲਾ ਹਿੱਸਾ, ਜੋ ਕਿ ਡਾਨ ਦੇ ਫੈਮਿਨਿਨ 'ਹਿਪਸ' ਤੋਂ ਉਭਰਿਆ ਹੋਇਆ ਹੈ, ਪਿਛਲੇ ਪਾਸੇ ਨੂੰ ਟੇਪਰ ਹੁੰਦਾ ਹੈ ਅਤੇ ਪਹਿਲਾ ਦੀ 'ਬੋਟ ਟੇਲ' ਰੋਲਸ-ਰੱਾਇਸ ਡ੍ਰੱਾਪਹੈੱਡ ਕੂਪਸ ਦਾ ਸ਼ਾਨਦਾਰ ਡਿਜ਼ਾਈਨ ਯਾਦ ਕਰਵਾਉਂਦਾ ਹੈ ਜੋ ਕਿ ਸ਼ੁਰੂਆਤੀ 20ਵੀਂ ਸਦੀ ਦਾ ਸੁੰਦਰ ਮੋਟਰ ਉਦਘਾਟਨ ਸੀ।

ਉੱਪਰ ਵਾਲੇ ਮੁਲਾਇਅਮ ਹਿੱਸੇ ਦਾ ਝੁਕਾਓ ਰੋਲਸ-ਰੱਾਇਸ ਡਾਨ ਨੂੰ ਇਸ ਤਰ੍ਹਾਂ ਬਣਾ ਦਿੰਦਾ ਹੈ ਜਿਵੇ ਅਸਲੀ ਡਾਨ ਦਾ ਵੇਲਾ ਦਿਖਾ ਰਹੀ ਹੋਵੇ। ਮਿਡਨਾਈਟ ਸਫਿਰ ਦਾ ਬਾਹਰੀ ਡਿਜਾਇਨ ਅਤੇ ਮੈਂਡਰਿਨ ਲੈਦਰ ਇੰਟੀਰੀਅਰ ਦੀ ਬਦੌਲਤ ਰਾਤ ਉਸ ਸਮੇਂ ਦਿਨ ਵਿੱਚ ਤਬਦੀਲ ਹੋ ਜਾਂਦੀ ਹੈ ਜਦੋਂ ਸੂਰਜ ਜਿਹੀਆਂ ਕਿਰਨਾ ਸੜਕ 'ਤੇ ਪੈਂਦੀਆਂ ਹਨ ਅਤੇ ਇਹ ਸਮਾਜਿਕ ਜਗਾਹ ਸੰਭਾਵਨਾਵਾਂ ਦੀ ਵਿਸ਼ਾਲ ਦੁਨੀਆਂ ਨਾਲ ਜੁੜ ਜਾਂਦੀ ਹੈ।

ਛੱਤ ਤੋਂ ਬਿਨਾ ਸ਼ਾਨਦਾਰ ਰੋਲਸ-ਰੱਾਇਸ ਡਾਨ ਹੋਰ ਵੀ ਅਦਭੁੱਤ ਲਗਦੀ ਹੈ। ਵਿੰਡਸਕ੍ਰੀਨ ਦੇ ਸਟੀਪ ਰੇਕ ਵਾਲੇ ਪਾਸਿਓਂ ਸਵੈਗ ਲਾਇਨ ਜੋ ਕਾਰ ਦੇ ਪਿਛਲੇ ਹਿੱਸੇ ਦੇ ਉਪਰੋਂ ਨਿਕਲਦੀ ਹੈ, ਉੱਚੀ ਬੈਲਟ ਲਾਇਨ ਜੋ ਪ੍ਰੋਫਾਈਲ ਦੇ ਨਾਲ ਹੀ ਉੱਪਰ ਉੱਠਦੀ ਹੈ ਅਤੇ ਇਹ ਅਰਾਮਦਾਇਕ ਰਫਤਾਰ ਪ੍ਰਦਾਨ ਕਰਦੀ ਹੈ। ਓਹੀ ਉੱਪਰ ਉੱਠ ਰਹੀ ਬੈਲੇਟਲਾਇਨ ਪਿੱਛੇ ਬੈਠੇ ਯਾਤਰੀ ਦੇ ਦੁਆਲੇ ਘੁੰਮਦੀ ਹੈ ਜਿਵੇ ਕਿਸੇ ਜੈਕਟ ਦਾ ਕਾਲਰ ਗਰਦਨ ਨੂੰ ਸੁਰੱਖਿਆ ਦੇਣ ਲਈ ਗਰਦਨ ਦੇ ਦੁਆਲੇ ਘੁੰਮ ਜਾਂਦਾ ਹੈ।

ਸਟੇਨਲੈਸ ਸਟੀਲ ਦਾ ਵੇਸਟ ਲਾਇਨ ਦਾ ਫਿਨਿਸ਼ਰ ਕੈਬਿਨ ਦੇ ਦੁਆਲੇ ਘੁੰਮ ਕੇ ਡੈੱਕ ਨੂੰ ਢੱਕ ਲੈਂਦਾ ਹੈ। ਇਹ ਭਰੇ ਜਾਣ ਵੇਲੇ ਉੱਪਰ ਵਾਲੇ ਮੁਲਾਇਅਮ ਹਿੱਸੇ ਨੂੰ ਢੱਕ ਲੈਂਦਾ ਹੈ, ਅਤੇ ਇਸ ਵਿੱਚ ਹਾਈ ਲੈਵਲ ਬ੍ਰੇਕ ਲਾਇਟ ਵੀ ਸ਼ਾਮਿਲ ਹੈ। ਧਾਤੂ ਦਾ ਇਹ ਸ਼ਾਨਦਰ ਫੀਚਰ ਸਟੇਨਲੈਸ ਸਟੀਲ ਹੈਂਡਲ, ਪਾਲਿਸ਼ ਕੀਤੇ ਟਾਇਰਾਂ, ਦਿਖਾਈ ਦਿੰਦੀ ਨਾਲੀ ਅਤੇ ਅਗਲੇ ਅਤੇ ਪਿਛਲੇ ਬੰਪਰ ਦੀ ਜਵੇਲਰੀ ਨਾਲ ਮਿਲ ਕੇ ਵਧੀਆ ਅਨਮੋਲ ਰੂਪ ਦੇਣ ਦਾ ਕੰਮ ਕਰਦੇ ਹਨ। ਡੈੱਕ ਆਪਣੇ ਆਪ ਵਿੱਚ ਹੀ ਅਧੁਨਿਕ ਕਾਰੀਗਰੀ ਦਾ ਇੱਕ ਸ਼ਾਨਦਾਰ ਨਮੂਨਾ ਹੈ। ਖੁੱਲੇ-ਰੋਮ ਵਾਲੀ ਕਪੜੇ ਵਿੱਚ ਲਿਪਟੀ ਕੈਨੇਡਲ ਪੈਨਲਿੰਗ ਪਿਛਲੇ ਕੈਬਿਨ ਨੂੰ ਕਿਸੇ ਘੋੜੇ ਦੇ ਖੁਰ ਜਿਹੀ ਦਿੱਖ ਪ੍ਰਦਾਨ ਕਰਦੀ ਹੈ, ਇਹ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਰੋਲਸ-ਰੱਾਇਸ ਦੇ ਘਰ ਗੁਡਵੁੱਡ ਵਿੱਚ ਵੁੱਡਸ਼ਾਪ ਵਿੱਚ ਕੰਮ ਕਰ ਰਹੇ ਕਾਰੀਗਰਾਂ ਨੇ ਇਸ ਨੂੰ ਲਕੜੀ ਤੇ ਕਾਰੀਗਰੀ ਕਰਨ ਦੀ ਤਕਨਾਲੋਜੀ ਅਤੇ ਤਕਨੀਕ ਦਾ ਇਸਤੇਮਾਲ ਕਰਕੇ ਬਣਾਇਆ ਹੈ।

ਡੈੱਕ ਤੇ ਲੱਗੀ ਲਕੜੀ, ਪਿਛਲੀਆਂ ਸੀਟਾਂ ਦੇ ਵਿਚਕਾਰਲਾ ਵਾੱਟਰਫਾਲ, ਕੈਬਿਨ ਦੇ ਆਲੇ ਦੁਆਲੇ ਦਾ ਕਪੜਾ ਗ੍ਰਾਹਕ ਦੁਆਰਾ ਪਸੰਦ ਕੀਤਾ ਜਾਂਦਾ ਹੈ, ਜੋ ਮਾਲਕ ਨੂੰ ਅੰਦਰ ਬੈਠਣ ਦਾ ਨਿਓਤਾ ਦਿੰਦੇ ਹਨ।

## ਇੰਟੀਰੀਅਰ ਡਿਜ਼ਾਈਨ

ਇੱਕ ਬਾਰ ਫਿਰ ਤੋਂ ਰੋਲਸ-ਰੱਾਇਸ ਦੇ ਅਨੋਖੇ ਕੋਚ ਡੋਰ ਇੱਕ ਸ਼ਾਨਦਾਰ ਡ੍ਰੱਾਪਹੈੱਡ ਫੱਾਰਮੈਟ ਵਿੱਚ ਪੇਸ਼ ਕੀਤੇ ਜਾ ਰਹੇ ਹਨ। ਇਹ ਕੋਚ ਡੋਰ ਬਹੁਤ ਹੀ ਆਕਰਸ਼ਕ ਅਤੇ ਸੁੰਦਰ ਹਨ। ਇਹ ਕੋਚ ਡੋਰ ਲੰਬੇ ਫ੍ਰੰਟ ਵਿੰਗਜ਼ ਅਤੇ ਸ਼ਾਨਦਾਰ ਵਾਫਟ ਲਾਈਨ ਨੂੰ ਹੋਰ ਆਕਰਸ਼ਕ ਬਣਾਉਂਦੇ ਹਨ ਅਤੇ ਇੱਕ ਲੰਬਾ ਬੱਾਡੀ ਪ੍ਰੋਫਾਈਲ ਅਤੇ ਸ਼ਾਨਦਾਰ ਕੈਬਿਨ ਮੁਹੱਈਆ ਕਰਵਾਉਂਦੇ ਹਨ।

Rolls-Royce Motor Cars

The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

ਕਲਾਸੀਕਲ ਸਪੋਰਟਸ ਕਾਰ ਪ੍ਰੋਫਾਈਲ ਦੀ ਯਾਦ ਦਿਲਾਉਂਦੇ ਹੋਏ ਇਹ ਡਾਨ ਦੀ ਲਗਜ਼ੂਰੀਅਸ ਸ਼ਾਨ ਦੇ ਲਈ ਪਿਛਲੀਆਂ ਸਵਾਰੀਆਂ ਦੇ ਲਈ ਆਸਾਨ ਐਂਟਰੀ ਅਤੇ ਆਕਰਸ਼ਣ ਮੁਹੱਈਆ ਕਰਵਾਉਂਦੇ ਹਨ। ਪਿਛਲੀਆਂ ਸਵਾਰੀਆਂ ਕੇਵਲ ਰੋਲਸ-ਰੱਾਇਸ ਡਾਨ ਤੋਂ 'ਬਾਹਰ' ਹੀ ਨਹੀਂ ਨਿਕਲਦੀਆਂ ਬਲਕਿ ਸ਼ਾਨ ਦਾ ਪ੍ਰਤੀਕ ਬਣਦੀਆਂ ਹਨ ਜਿਵੇਂ ਕਿ ਉਹ ਮੋਨੈਕੋ ਵਿੱਚ ਜਾਂ ਲੇਕ ਕੋਮੋ 'ਤੇ ਇੱਕ ਸ਼ਾਨਦਾਰ ਪ੍ਰਾਈਵੇਟ ਜੈਟੀ 'ਤੇ ਰੀਵਾ ਮੋਟਰ ਉਦਘਾਟਨ ਦੌਰਾਨ ਮੌਜੂਦ ਹੋਣ।

ਜਿਵੇਂ ਕਿ ਰੋਲਸ-ਰੱਾਇਸ ਤੋਂ ਕੋਈ ਵੀ ਵਿਅਕਤੀ ਉਮੀਦ ਕਰਦਾ ਹੈ, ਇਹ ਕੋਚ ਡੋਰ ਇੱਕ ਪਹੁੰਚ ਦੇ ਸਾਧਨ ਤੋਂ ਕਿਤੇ ਜ਼ਿਆਦਾ ਹੋਰ ਬਹੁਤ ਸਾਰੇ ਕੰਮ ਦਿੰਦੇ ਹਨ। ਜਿਵੇਂ ਕਿ ਇਹ ਬਾੱਡੀ ਦੀ ਮਜਬੂਤੀ ਅਤੇ ਸ਼ਕਤੀ ਨੂੰ ਹੋਰ ਜ਼ਿਆਦਾ ਵਧਾਉਂਦੇ ਹਨ ਕਿਉਂਕਿ ਇਹ ਇੱਕ ਰੁਕਾਵਟ-ਰਹਿਤ ਏ-ਪਿੱਲਰ ਦੇ ਨਿਰਮਾਣ ਵਿੱਚ ਯੋਗਦਾਨ ਦਿੰਦੇ ਹਨ।

ਡਾਨ ਦੇ ਅੰਦਰ ਜਾਂਦੇ ਹੋਏ ਸਭ ਤੋਂ ਪਹਿਲਾ ਆਕਰਸ਼ਣ ਦਾ ਕੇਂਦਰ ਇਸਦੀਆਂ ਚਾਰ ਬੱਕੇਟ ਸੀਟਾਂ ਹਨ ਜੋ ਵੁੱਡ ਅਤੇ ਲੈਦਰ ਦੇ ਸ਼ਾਨਦਾਰ ਅਤੇ ਅਰਾਮਦਾਇਕ ਸਲਿੰਗਸ਼ਾੱਟ ਦੇ ਵਿਚਕਾਰ ਲਗਾਈਆਂ ਗਈਆਂ ਹਨ। ਇਹ ਸਲਿੰਗਸ਼ਾੱਟ ਸੰਕਲਪ ਡ੍ਰਾਈਵਰ ਦੇ ਏ-ਪੋਸਟ ਤੋਂ ਕਾਰ ਦੇ ਪਿਛਲੇ ਪਾਸੇ ਨੂੰ ਜਾਂਦਾ ਹੈ ਅਤੇ ਏ-ਪਿੱਲਰ ਤੱਕ ਵਾਪਿਸ ਆਉਂਣ ਤੋਂ ਪਹਿਲਾਂ ਪਿਛਲੀਆਂ ਸੀਟਾਂ ਦੇ ਦੁਆਲੇ ਘੁੰਮਦਾ ਹੈ।

ਇਹ ਸਲਿੰਗਸ਼ਾੱਟ ਇੱਕ ਬਾਰਚੇਟਾ ਦੀ ਯਾਦ ਕਰਵਾਉਂਦਾ ਹੈ, ਜੋ ਕਿ ਪਿੱਛੇ ਨੂੰ ਖਿੱਚਿਆ ਹੋਇਆ, ਸੰਤੁਲਿਤ ਅਤੇ ਕਾਰ ਦੇ ਖੜੇ ਰਹਿਣ ਦੌਰਾਨ ਵੀ ਕਾਰ ਦੀਆਂ ਸਵਾਰੀਆਂ ਨੂੰ ਆਸਮਾਨ ਦੇ ਅਖੀਰ ਤੱਕ ਪਹੁੰਚਾਉਂਣ ਲਈ ਬਿਲਕੁਲ ਤਿਆਰ ਲੱਗਦਾ ਹੈ। ਇਹ ਡਿਜ਼ਾਈਨ ਕਾਰ ਦੇ ਐਕਸਟੀਰੀਅਰ ਵੱਚ ਦੇਖੀ ਗਈ ਗਤੀਵਾਨ ਟੈਂਸ਼ਨ ਦੇ ਪੂਰਕ ਦਾ ਕੰਮ ਕਰਦਾ ਹੈ। ਇੰਟੀਰੀਅਰ ਐਕਸਟੀਰੀਅਰ ਦੇ ਲਈ ਪੂਰਕ ਹੈ। ਇਹ ਸ਼ਾਨ, ਸੁਰੱਖਿਆ ਅਤੇ ਮੌਜੂਦਗੀ ਦਾ ਸਥਾਨ ਹੈ।

ਰੋਲਸ-ਰੱਾਇਸ ਚਾਰ ਬਹੁਤ ਹੀ ਸ਼ਾਨਦਾਰ ਵਿਅਕਤੀਗਤ ਸੀਟਾਂ ਮੁਹੱਈਆ ਕਰਵਾਉਂਦੀ ਹੈ। ਇਹ ਵਹੀਕਲ ਇੱਕ ਫੁੱਲ ਫੋਰ ਸੀਟਰ ਵਹੀਕਲ ਹੈ ਅਤੇ ਇਸ ਲਈ ਕਿਸੇ ਵੀ ਜਗਾਹ ਕੋਈ ਵੀ ਸਮਝੌਤਾ ਨਹੀਂ ਕੀਤਾ ਗਿਆ ਹੈ ਜਿਸ ਕਰਕੇ ਤੁਸੀਂ ਕਿਤੇ ਵੀ ਬੈਠ ਸਕਦੇ ਹੋ। ਇਹ ਸੀਟਾਂ ਕਾਰ ਦੀ ਜਾਨਦਾਰ ਅਤੇ ਸ਼ਾਨਦਾਰ ਲੁੱਕ ਅਤੇ ਮਹੱਤਵ ਨੂੰ ਵਧਾਉਂਣ ਦੇ ਲਈ ਡਿਜ਼ਾਈਨ ਕੀਤੀਆਂ ਗਈਆਂ ਹਨ ਜਿਸਨੂੰ ਇੱਕ ਫੁੱਲ ਲੈਂਥ ਸੈਂਟਰ ਕੋਂਸੋਲ ਦਾ ਵੀ ਸਹਿਯੋਗ ਦਿੱਤਾ ਗਿਆ ਹੈ। ਅੱਪਰ ਸੀਟ ਬੈਕ ਵਿੱਚ ਸੀਟ ਬੈਲਟ ਹਾਰਨੈੱਸ ਲੱਗਾ ਹੋਇਆ ਹੈ ਜੋ ਪਿਲਰ-ਰਹਿਤ ਬਾੱਡੀਵਰਕ ਦੇ ਨਾਲ ਵੁੱਡ ਜਾਂ ਲੈਦਰ ਦੇ ਸਲਿੰਗਸ਼ਾੱਟ, ਜਿਸ ਵਿੱਚ ਕੋਈ ਵੀ ਜੋੜ ਜਾਂ ਫਲੋ-ਲਾਈਨ ਨਹੀਂ ਹੈ, ਨੂੰ ਬਿਹਤਰ ਅਤੇ ਆਰਕਸ਼ਕ ਬਣਾਉਂਦਾ ਹੈ। ਟ੍ਰੇਆਂ ਦੇ ਤਲਾਂ 'ਤੇ ਵੁੱਡ ਵੀ ਛੇਵਰੋਨ ਪੈਟਰਨ ਵਿੱਚ ਸੈਂਟਰ ਕੋਂਸੋਲ ਦੇ ਹੇਠਾਂ ਬੁੱਕ-ਮੈਚਡ ਹੈ ਜੋ ਅੱਗੇ ਨੂੰ ਇਸ਼ਾਰਾ ਕਰਦੀ ਹੈ ਅਤੇ ਰਫਤਾਰ ਦਾ ਅਹਿਸਾਸ ਦਿਲਾਉਂਦੀ ਹੈ।

ਇੰਸਟਰੂਮੈਂਟ ਡਾਇਲਾਂ ਨੂੰ ਵੀ ਵਿਅਕਤੀਗਤ ਤੌਰ 'ਤੇ ਲਗਾਈ ਗਈ ਪਾੱਲਿਸ਼ਡ ਮੈਟਲ ਚੈਪਲੇਟਸ ਦੇ ਨਾਲ ਬਿਹਤਰੀਨ ਬਣਾਇਆ ਗਿਆ ਹੈ ਜੋ ਹੈਂਡ-ਮੇਡ, ਲਗਜ਼ੂਰੀ ਰਿਸਟ ਵਾੱਚ ਦੀ ਪੇਚੀਦਗੀ ਨੂੰ ਯਾਦ ਕਰਵਾਉਂਦਾ

ਹੈ। ਇਸਦੇ ਮੈਟ ਕਰੋਮ ਸੈਂਟਰ ਹਰ ਇੱਕ ਇੰਸਟਰੂਮੈਂਟ ਦੇ ਮੱਧ ਵਿੱਚ 'ਫਲੋਟ' ਕਰਦੇ ਹਨ। ਇਸ ਤੋਂ ਇਲਾਵਾ, ਨਵੇਂ ਮੋਟਰ ਕਾਰ ਦੇ ਨਾ ਵਾਲੇ ਇੱਕ ਨਵੇਂ ਕਲਾੱਕ ਡਿਜ਼ਾਈਨ ਨੂੰ ਵੀ ਪੇਸ਼ ਕੀਤਾ ਗਿਆ ਹੈ।

**ਇੰਜਨੀਅਰਿੰਗ ਅਤੇ ਟੈਕਨੋਲੋਜੀ**

**ਸਾਈਲੈਂਟ ਬੈਲੇਟ**

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਵੀਂ ਰੋਲਸ-ਰੱਾਇਸ ਡਾਨ ਦੀ ਨਵੀਂ ਇੰਜਨੀਅਰਿੰਗ ਵਿਸ਼ੇਸ਼ਤਾ ਇਸਦੀ ਨਵੀਂ ਛੱਤ ਹੈ। ਇੱਕ ਅਸਲੀ ਰੋਲਸ-ਰੱਾਇਸ ਹੋਣ ਦੇ ਲਈ ਡਾਨ ਨੂੰ ਸਾਰੀਆਂ ਰੋਲਸ-ਰੱਾਇਸਜ਼ ਦੇ ਨਾਲ ਜੁੜਿਆ ਹੋਇਆ ਇੱਕ ਸ਼ਾਨਦਾਰ ਡ੍ਰਾਈਵਿੰਗ ਅਨੁਭਵ ਮੁਹੱਈਆ ਕਰਵਾਉਂਣਾ ਪੈਂਣਾ ਸੀ। ਇਸਦੇ ਨਾਲ ਹੀ ਰੋਲਸ-ਰੱਾਇਸ ਦੇ ਲਈ ਇੱਕੋ-ਇੱਕ ਵਿਕਲਪ ਇੱਕ ਫੈਬ੍ਰਿਕ ਛੱਤ ਸੀ ਜਿਸਦਾ ਕਾਰਨ ਸੀ ਇਸਦੀ ਸੁੰਦਰਤਾ, ਰੋਮਾਂਸ ਅਤੇ ਬ੍ਰਾਂਡ ਲਈ ਢੁਕਵਾਂਪਨ। ਰਾਤ ਦੇ ਸਮੇਂ ਵਰਖਾ ਦੇ ਦੌਰਾਨ ਇੱਕ ਕਨਵਰਟੀਬਲ ਵਿੱਚ ਸਫਰ ਕਰਨਾ ਅਤੇ ਛੱਤ 'ਤੇ ਡਿੱਗ ਰਹੀਆਂ ਪਾਣੀ ਦੀਆਂ ਬੂੰਦਾਂ ਨੂੰ ਸੁਣਨ ਤੋਂ ਜ਼ਿਆਦਾ ਰੋਮਾਂਟਿਕ ਹੋਰ ਕੁਝ ਨਹੀਂ ਹੋ ਸਕਦਾ। ਆਪਣੇ ਉਪਭੋਗਤਾਵਾਂ ਦੇ ਨਾਲ ਗੱਲਬਾਤ ਕਰਦੇ ਹੋਏ, ਰੋਲਸ-ਰੱਾਇਸ ਨੇ ਇਹ ਮਹਿਸੂਸ ਕੀਤਾ ਹੈ ਕਿ ਉਹ ਵੀ ਇਸੇ ਤਰ੍ਹਾਂ ਹੀ ਸੋਚਦੇ ਹਨ।

ਇੱਕ ਫੈਬ੍ਰਿਕ ਰੂਫ ਕਨਫੀਗ੍ਰੇਸ਼ਨ ਦੇ ਨਾਲ ਕੰਮ ਕਰਨ ਦੇ ਵਿਚਾਰ ਨਾਲ ਰੋਲਸ-ਰੱਾਇਸ ਦੀ ਇੰਜਨੀਅਰਿੰਗ ਟੀਮ ਨੇ ਆਪਣੇ ਲਈ ਇੱਕ ਚੁਨੌਤੀਪੂਰਨ ਟੀਚਾ ਮਿੱਥਿਆ ਹੈ ਜਿਸਦੇ ਨਾਲ ਉਹ ਸਮਝੌਤਾ ਨਹੀਂ ਕਰਨਾ ਚਾਹੁੰਦ ਸਨ ਤਾਂ ਕਿ ਵਿਸ਼ਵ ਦੀ ਸਭ ਤੋਂ ਵੱਧ ਸ਼ਾਂਤ ਕਨਵਰਟੀਬਲ ਕਾਰ ਬਣਾਈ ਜਾ ਸਕੇ। ਸਾਈਲੈਂਸ (ਸ਼ਾਂਤੀ/ਚੁੱਪ) ਦੀ ਜ਼ਰੂਰਤ ਨਵੀਂ ਮੋਟਰ ਕਾਰ ਦੇ ਵਿਸਥਾਰ ਦੇ ਨਾਲ ਨਵੀਂ ਛੱਤ ਦੀ ਇੰਜਨੀਅਰਿੰਗ ਦੇ ਹਰ ਇੱਕ ਪੱਖ 'ਤੇ ਲਾਗੂ ਕੀਤੀ ਗਈ।

ਸਭ ਤੋਂ ਪਹਿਲਾਂ ਕਾਰ ਦੇ ਚੱਲਦੇ ਸਮੇਂ ਰੂਫ ਬੰਦ ਕਰਨ ਅਤੇ ਖੋਲਣ ਦੇ ਸਮੇਂ ਦੌਰਾਨ ਕਾਰ ਵਿੱਚ ਬੈਠੀਆਂ ਸਵਾਰੀਆਂ ਦੇ ਸੁਣਨ ਦੇ ਅਨੁਭਵ ਨੂੰ ਪੂਰੀ ਤਰ੍ਹਾਂ ਰੋਲਸ-ਰੱਾਇਸ ਬਣਾਇਆ ਜਾਣਾ ਸੀ। ਇਸ ਛੱਤ ਦਾ ਡਿਜ਼ਾਈਨ ਆਕਰਸ਼ਕ, ਸੁੰਦਰ ਅਤੇ ਸ਼ਾਨਦਾਰ ਹੋਣ ਦੇ ਨਾਲ-ਨਾਲ ਇੱਕ ਕਨਵਰਟੀਬਲ ਕਾਰ ਦੀ ਸ਼ਾਨ ਵਜੋਂ ਇੱਕ ਸਭ ਤੋਂ ਵੱਡੀ ਕੈਨੋਪੀ ਹੋਣਾ ਵੀ ਜ਼ਰੂਰੀ ਸੀ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਕੈਨੋਪੀ ਡਾਨ ਦੀ ਪਿਛਲੀ ਸੀਟ ਦੇ ਦੁਆਲੇ ਅਤੇ ਵਿੰਡੋ ਟਾੱਪਸ ਤੋਂ ਉਪਰ ਦੀ ਕਿਸ ਤਰ੍ਹਾਂ ਇਕੱਠੀ ਹੋ ਕੇ ਆੱਪਟੀਕਲੀ ਕਾਰ ਦੀ ਰੂਫਲਾਈਨ ਨੂੰ ਨੀਂਵਾਂ ਕਰਦੀ ਹੈ ਅਤੇ ਇਸਦੇ ਲੋਅ-ਸਲੰਗ ਅਪੀਅਰੈਂਸ ਵਿੱਚ ਯੋਗਦਾਨ ਦਿੰਦੀ ਹੈ।

ਇਸ ਤੋਂ ਇਲਾਵਾ ਇਸਦੇ ਪਿਛਲੇ ਸ਼ੀਸ਼ੇ ਦਾ ਛੋਟਾ ਆਕਾਰ ਵੀ ਧਿਆਨ ਦੇਣ ਯੋਗ ਹੈ ਜੋ ਕਿ ਬਹੁਤ ਹੀ ਧਿਆਨ ਨਾਲ ਤਿਆਰ ਕੀਤਾ ਗਿਆ ਹਿੱਸਾ ਹੈ ਅਤੇ ਇਹ ਛੱਤ ਨੂੰ ਲਗਾ ਕੇ ਸਫਰ ਕਰਨ ਦੌਰਾਨ ਇੱਕ ਨਿੱਜੀ ਸਥਾਨ ਦੇ ਅਹਿਸਾਸ ਨੂੰ ਵਧਾਉਂਦਾ ਹੈ।

ਇਸ ਛੱਤ ਨੂੰ ਸੁੰਦਰ ਅਤੇ ਆਕਰਸ਼ਕ ਬਣਾਉਂਣ ਦੇ ਨਾਲ-ਨਾਲ ਇਸਨੂੰ ਸ਼ੋਰ ਕਰਨ ਤੋਂ ਰੋਕਣ ਦੇ ਲਈ ਦੋ ਹੋਰ ਤਕਨੀਕਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇੱਕ ਬਿਹਤਰੀਨ ਸਮੂਥ ਸਰਫੇਸ, ਇੱਕ ਇਨੋਵੇਟਿਵ ਟੇਲਰਡ 'ਫ੍ਰੈਂਚ ਸੀਮ'ਦੇ ਨਾਲ ਮਿਲ ਕੇ ਇਹ ਪੱਕਾ ਕਰਦਾ ਹੈ ਕਿ ਛੱਤ ਨੂੰ ਲਗਾ ਕੇ ਕਾਰ ਦੇ ਚੱਲਣ ਦੌਰਾਨ ਹਵਾ ਦਾ ਵਹਾਅ ਕੋਈ ਵੀ ਅਵਾਜ਼ ਪੈਦਾ ਨਹੀਂ ਕਰਦਾ। ਰੋਲਸ-ਰੱਇਸ ਡਾਨ ਅੰਦਰੋ ਸਭ ਤੋਂ ਪਹਿਲੀ ਕਨਵਰਟੀਬਲ ਮੋਟਰਿੰਗ ਰੋਲਸ-ਰੱਇਸ ਰੈਥ ਦੀ ਤਰਾਂ ਸ਼ਾਂਤ ਹੈ।

ਦੂਸਰਾ, ਰੂਫ ਮੈਕੇਨਿਜ਼ਮ ਦੀ ਅਸਲੀ ਓਪਨਿੰਗ ਅਤ ਕਲੋਜ਼ਿੰਗ ਨੂੰ ਸੁੰਦਰ ਅਤੇ ਰੁਕਾਵਟ-ਰਹਿਤ ਬਣਾਉਂਣਾ ਜ਼ਰੂਰੀ ਸੀ। ਇੰਜਨੀਅਰਿੰਗ ਟੀਮ ਰੂਫ ਮੈਕੇਨਿਜ਼ਮ ਤੋਂ ਜੋ ਉਮੀਦ ਰੱਖਦੀ ਸੀ ਉਸਦੇ ਲਈ ਇੱਕ ਉਹਨਾਂ ਨੇ ਇੱਕ ਵਾਕ ਦੀ ਖੋਗ ਵੀ ਕੀਤੀ। ਦ ਸਾਈਲੈਂਟ ਬੈਲੇਟ।

ਇਸ ਟੀਮ ਨੇ ਇਸ ਸਾਈਲੈਂਟ ਬੈਲੇਟ ਨੂੰ ਹਾਸਿਲ ਕੀਤਾ।

50 ਕਿ.ਮੀ./ਘੰਟਾ ਦੀ ਕਰੂਜ਼ਿੰਗ ਸਪੀਡ ਦੇ ਨਾਲ ਕੇਵਲ 22 ਸਕਿੰਟ ਵਿੱਚ ਪੂਰੀ ਤਰ੍ਹਾਂ ਸ਼ਾਤੀ ਦੇ ਨਾਲ ਕਾਰਜ ਕਰਦੇ ਹੋਏ ਇਹ 'ਸਾਈਲੈਂਟ ਬੈਲੇਟ' ਤੁਹਾਡੇ ਅਹਿਸਾਸ ਨੂੰ ਵਧਾਉਂਦੀ ਹੈ ਅਤੇ ਬਾਹਰੀ ਦੁਨੀਆਂ ਦੇ ਸ਼ੋਰ, ਲਾਈਟਾਂ ਅਤੇ ਅਰੋਮਾਂ ਦੀ ਥਾਂ 'ਤੇ ਤੁਹਾਨੂੰ ਸ਼ਾਂਤੀ ਅਤੇ ਨਿੱਜੀਪਣ ਪ੍ਰਦਾਨ ਕੀਤਾ ਜਾਂਦਾ ਹੈ। ਇੱਕ ਏਅਰਲੱਕ ਨੂੰ ਖੋਲਣ ਦੀ ਤਰ੍ਹਾਂ ਡਾਨ ਦੀ ਛੱਤ ਅਸਾਨੀ ਨਾਲ ਖੁੱਲ ਜਾਂਦੀ ਹੈ ਅਤੇ ਇਸਦਾ ਕੈਬਿਨ ਤੁਹਾਡੀ ਸਮਾਜਿਕ ਖੇਤਰ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਜਾਂਦਾ ਹੈ।

**ਬੀਸਪੋਕ ਆੱਡੀਓ**

ਜੋ ਲੋਕ ਸ਼ਾਂਤੀ ਵਿੱਚ ਜ਼ਿਆਦਾ ਦਿਲਚਸਪੀ ਨਹੀਂ ਰੱਖਦੇ ਅਤੇ ਆਪਣੇ ਦੋਸਤਾਂ ਦੇ ਨਾਲ ਮਿਊਜ਼ਿਕ ਅਤੇ ਮਨੋਰੰਜਨ ਨੂੰ ਸ਼ੇਅਰ ਕਰਨਾ ਪਸੰਦ ਕਰਦੇ ਹਨ, ਉਹਨਾਂ ਦੇ ਲਈ ਖਾਸ ਤੌਰ 'ਤੇ ਰੋਲਸ-ਰੱਇਸ ਦੇ ਬੀਸਪੋਕ ਆੱਡੀਓ ਸਿਸਟਮ ਤਿਆਰ ਕੀਤਾ ਗਿਆ ਹੈ ਤਾਂ ਕਿ ਉਹਨਾਂ ਨੂੰ ਰੋਲਸ-ਰੱਇਸ ਡਾਨ ਦੀ ਅਨੋਖੀ ਕੋਨਫੀਗ੍ਰੇਸ਼ਨ ਦਾ ਅਨੁਭਵ ਪ੍ਰਦਾਨ ਕੀਤਾ ਜਾ ਸਕੇ। ਐਕਸਪਰਟ ਰੋਲਸ-ਰੱਇਸ ਆੱਡੀਓ ਇੰਜੀਨੀਅਰਾਂ ਦੁਆਰਾ ਤਿਆਰ ਕੀਤਾ ਗਿਆ ਬੀਸਪੋਕ ਆੱਡੀਓ ਹੁਣ ਤੱਕ ਦਾ ਇੱਕ ਬਿਹਤਰੀਨ ਆੱਟੋਮੋਟਿਵ ਹਾਈ-ਫਾਈ ਸਿਸਟਮ ਹੈ ਅਤੇ ਇਸਨੂੰ ਡਾਨ ਦੀ ਦੋਹਰੀ ਪਰਸਨੈਲਿਟੀ ਦੀ ਮਹੱਤਤਾ ਵਧਾਉਂਣ ਦੇ ਲਈ ਤਿਆਰ ਕੀਤਾ ਗਿਆ ਹੈ।

ਭਾਵੇਂ ਇਸਦੀ ਛੱਤ ਖੁੱਲੀ ਹੋਵੇ ਜਾਂ ਬੰਦ, ਬੀਸਪੋਕ ਆੱਡੀਓ ਇੱਕ ਬਿਹਤਰੀਨ ਅਕੱਸਟਿਕ (ਸੁਣਨ ਸੰਬੰਧੀ) ਬੈਲੇਂਸ ਅਤੇ ਪ੍ਰਦਰਸ਼ਨ ਮੁਹੱਈਆ ਕਰਵਾਉਂਦਾ ਹੈ। ਕਾਰ ਦੀ ਡਿਜ਼ਾਈਨ ਪ੍ਰਕਿਰਿਆ ਦੌਰਾਨ ਆੱਡੀਓ ਇੰਜੀਨੀਅਰਾਂ ਦੀ ਸਲਾਹ ਲਈ ਗਈ ਸੀ ਤਾਂ ਕਿ ਇਹ ਪਤਾ ਲਗਾਇਆ ਜਾ ਸਕੇ ਕਿ ਪਰਿਵਰਤਨਾਂ ਦੌਰਾਨ ਆੱਡੀਓ ਸਿਸਟਮ, ਜੋ ਕਿ ਵਿਵਹਾਰਕ ਤੌਰ 'ਤੇ ਪੂਰੇ ਆੱਟੋਮੋਟਿਵ ਸੰਸਾਰ ਵਿੱਚ ਸਭ ਤੋਂ ਅਨੋਖਾ ਹੈ, ਦੇ ਪ੍ਰਦਰਸ਼ਨ 'ਤੇ ਕਿਸ ਤਰ੍ਹਾਂ ਦੇ ਪ੍ਰਭਾਵ ਪੈ ਸਕਦੇ ਹਨ।

ਸੋਲਾਂ ਵਿਅਕਤੀਗਤ ਤੌਰ 'ਤੇ ਟਿਊਨ ਕੀਤੇ ਗਏ ਸਪੀਕਰ, ਥਿਏਟਰ ਅਤੇ ਸਟੂਡੀਓ ਸਟਿੰਗਾਂ ਦੇ ਨਾਲ ਖਾਸ 'ਲਾਈਵ ਤੋਂ ਵਧੇਰੇ' ਦਾ ਅਹਿਸਾਸ ਪ੍ਰਦਾਨ ਕਰਦੇ ਹਨ। ਬੂਟ ਵਿੱਚ ਲੱਗੇ ਹੋਏ ਦੋ ਬਾਸ ਸਪੀਕਰ ਕੈਬਿਨ ਵਿੱਚ


The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

ਲੱਗੇ ਹੋਏ ਸੱਤ ਟਵੀਟਰਾਂ ਦੇ ਨਾਲ ਬਿਹਤਰੀਨ ਪ੍ਰਦਰਸ਼ਨ ਕਰਦੇ ਹਨ। ਇਹ ਸਿਸਟਮ ਬਾਹਰੀ ਦੁਨੀਆਂ ਦੇ ਸ਼ੋਰ ਦਾ ਨਿਰੀਖਣ ਕਰਨ ਲਈ ਇੱਕ ਬਹੁਤ ਹੀ ਸੰਵੇਦਨਸ਼ੀਲ ਮਾਈਕਰੋਫੋਨ ਦਾ ਪ੍ਰਯੋਗ ਕਰਦਾ ਹੈ ਅਤੇ ਜ਼ਰੂਰਤ ਅਨੁਸਾਰ ਵਾਲਯੂਮ ਅਤੇ ਟੋਨ ਸੈਟਿੰਗਾਂ ਨੂੰ ਐਡਜਸਟ ਕਰ ਦਿੰਦਾ ਹੈ ਤਾਂ ਕਿ ਇਹ ਸਿਸਟਮ ਬਿਹਤਰੀਨ ਪ੍ਰਦਰਸ਼ਨ ਕਰਨਾ ਜਾਰੀ ਰੱਖੇ। ਵਿਅਕਤੀਗਤ ਸਪੀਕਰਾਂ ਦੇ ਲਈ ਫ੍ਰੀਕਵੈਂਸੀ ਅਤੇ ਫੇਜ਼ ਸੁਧਾਰ ਬਾਹਰੀ ਪ੍ਰਭਾਵਾਂ ਦੇ ਕਾਰਨ ਪੈਦਾ ਹੋਏ ਅਣਚਾਹੇ ਲਾਊਡ ਅਤੇ ਡੈੱਡ ਸਪਾੱਟਸ ਨੂੰ ਖਤਮ ਕਰਦਾ ਹੈ ਅਤੇ ਇਸ ਤਰ੍ਹਾਂ ਤਕਨੀਕ ਇਹ ਸਭ ਕੁਝ ਕਰਨ ਵਿੱਚ ਮਦਦ ਕਰਦੀ ਹੈ।

## ਓਪਨ-ਟਾੱਪ ਮੋਟਰਰਿੰਗ ਦੇ ਲਈ ਇੱਕ ਨਵੀਂ ਡਾਨ ਦਾ ਨਿਰਮਾਣ

ਰੋਲਸ-ਰਾੱਇਸ ਟੀਮ ਦੁਆਰਾ ਸਾੱਫਟ-ਟਾੱਪ ਕਾਰਾਂ ਦੀਆਂ ਬਿਹਤਰੀਨ ਵਿਸ਼ੇਸ਼ਤਾਵਾਂ ਪੇਸ਼ ਕਰਨ ਦੇ ਨਾਲ ਰੋਲਸ-ਰਾੱਇਸ ਡਾਨ ਹੋਰ ਵੀ ਕਈ ਟੇਲਰ-ਮੇਡ ਇੰਜਨੀਅਰਿੰਗ ਇਨੋਵੇਸ਼ਨਾਂ ਨੂੰ ਪੇਸ਼ ਕਰਦੀ ਹੈ।

ਕਿਸੇ ਵੀ ਕਨਵਰਟੀਬਲ ਨੂੰ ਡਿਜ਼ਾਈਨ ਕਰਨ ਵਿੱਚ ਸਭ ਤੋਂ ਵੱਡੀ ਚਨੌਤੀ ਵਜ਼ਨ ਨੂੰ ਘੱਟ ਰੱਖਦੇ ਹੋਏ ਟੋਰਜ਼ਨਲ ਮਜਬੂਤੀ ਦੇ ਉਚਤਮ ਪੱਧਰ ਨੂੰ ਕਾਇਮ ਰੱਖਣਾ ਦੀ ਹੁੰਦੀ ਹੈ। ਟੋਰਜ਼ਨਲ ਮਜਬੂਤੀ ਅਧਿਕਤਮ ਕਨਵਰਟੀਬਲ ਕਾਰਾਂ ਨਾਲ ਸੰਬੰਧਤ ਸਕੱਟਲ ਸ਼ੇਕ ਨੂੰ ਘੱਟ ਕਰਨ ਲਈ ਬਹੁਤ ਜ਼ਰੂਰੀ ਹੁੰਦੀ ਹੈ ਅਤੇ ਇਹ ਕਾਰ ਦੇ ਡਾਇਨਾਮਿਕ ਨਿਯੰਤਰਣ ਨੂੰ ਬਣਾਈ ਰੱਖਦੀ ਹੈ।

ਇੰਜਨੀਅਰਿੰਗ ਟੀਮ ਨੇ ਪੂਰੀ ਤਰ੍ਹਾਂ ਸੰਤੁਸ਼ਟ ਹੋਣ ਤੋਂ ਪਹਿਲਾਂ ਬਹੁਤ ਸਾਰੀਆਂ ਜਾਂਚਾਂ ਅਤੇ ਖੋਜਾਂ ਕੀਤੀਆਂ। ਸੰਭਾਵੀ ਸਮੱਸਿਆਵਾਂ ਨੂ ਪਹਿਚਾਨਣ ਅਤੇ ਹੱਲ ਕਰਨ ਲਈ ਇਸਨੂੰ ਹਜ਼ਾਰਾਂ ਕਿਲੋਮੀਟਰਾਂ ਤੱਕ ਕੱਚੀ ਸੜਕ ‘ਤੇ ਚਲਾਇਆ ਗਿਆ। ਇਸਦੇ ਨਤੀਜੇ ਵਜੋਂ ਇਸਦੀ ਚੈਸੀ ਅੱਜ ਰੋਲਸ-ਰਾੱਇਸ ਡਾਨ ਨੂੰ ਸਭ ਤੋਂ ਵੱਧ ਮਜਬੂਤ ਫੋਰ-ਸੀਟਰ ਕਨਵਰਟੀਬਲ ਬਣਾਉਂਦੀ ਹੈ।

ਨਵੀਂ ਡਿਜ਼ਾਈਨ ਕੀਤੀ ਗਈ ਸਸਪੈਂਸ਼ਨ ਕਨਫੀਗ੍ਰੇਸ਼ਨ ਬਾੱਡੀ ਮਜਬੂਤੀ ਅਤੇ ਮਾਸ ਡਿਸਟ੍ਰੀਬਿਊਸ਼ਨ ਦੇ ਖੇਤਰ ਵਿੱਚ ਇਸ ਓਪਨ-ਟਾੱਪ ਮੋਟਰ ਕਾਰ ਦੇ ਖਾਸ ਵਿਵਹਾਰ ਦਾ ਧਿਆਨ ਰੱਖਦੀ ਹੈ ਅਤੇ ਇਹ ਬਿਹਤਰੀਨ ਕਰੂਜ਼ਿੰਗ ਕੰਫਰਟ ਅਤੇ ਉਮੀਦ ਅਨੁਸਾਰ ਰੋਲਸ-ਰਾੱਇਸ ‘ਮੈਜਿਕ ਕਾਰਪੇਟ’ ਰਾਈਡ ਮੁਹੱਈਆ ਕਰਵਾਉਂਦੀ ਹੈ।

ਫ੍ਰੰਟ ਅਤੇ ਰੀਅਰ ਅਤੇ ਗ੍ਰੈਵਿਟੀ ਦੇ ਇੱਕ ਲੋਅਰ ਸੈਂਟਰ ਵਿੱਚ ਕੁਝ ਐਰੋਡਾਇਨਾਮਿਕ ਲਿਫਟਾਂ ਨਵੇਂ ਡਿਜ਼ਾਈਨ ਕੀਤੇ ਏਅਰ ਸਪ੍ਰਿੰਗਾਂ ਅਤੇ ਐਕਟਿਵ ਰੋਲ ਬਾਰਾਂ ਦੇ ਨਾਲ ਮਿਲ ਕੇ ਇਸ ਸ਼ੂਪਰ-ਲਗਜ਼ੂਰੀ ਬੋਲਵਰਾਈਡਰ ਨੂੰ ਸ਼ਾਨਦਾਰ ਨਿਯੰਤ੍ਰਿਤ ਹੈਂਡਿਲੰਗ ਯੋਗਤਾਵਾਂ ਮੁਹੱਈਆ ਕਰਵਾਉਂਦੀਆਂ ਹਨ।

ਡਾਨ ਦੇ ਸ਼ਾਨਦਾਰ ਅਤੇ ਆਕਰਸ਼ ਰੀਅਰ ਫਲੈਂਕ ਗੋਸਟ ਦੇ ਮੁਕਾਬਲੇ 22ਐਮਐਮ ਤੱਕ ਚੌੜੇ ਰੀਅਰ ਟ੍ਰੇਕ ਵੱਲ ਇਸ਼ਾਰਾ ਕਰਦੇ ਹਨ ਜੋ ਡਾਨ ਨੂੰ ਇੱਕ ਲੋਅਰ ਅਤੇ ਜ਼ਿਆਦਾ ਸਲੀਕ ਪ੍ਰੋਫਾਈਲ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ, ਕਾਰ ਦਾ ਚੌੜਾ ਹਿੱਪ ਕਾਰ ਦੇ ਆਕਰਸ਼ਣ ਨੂੰ ਵਧਾਉਂਦੇ ਹਨ, ਇਸਦੇ ਚੌੜੇ ਸ਼ੋਲਡਰ ਇਸ ਵਹੀਕਲ ਦੀ ਸ਼ਕਤੀ ਦੇ ਪ੍ਰਤੀਕ ਹਨ ਅਤੇ ਇਸਦੇ ਨਾਲ-ਨਾਲ ਇਸਨੂੰ 180ਐਮਐਮ ਸ਼ਾੱਰਟਰ ਵ੍ਹੀਲਬੇਸ ਦਾ ਸਹਿਯੋਗ ਵੀ ਪ੍ਰਾਪਤ ਹੈ।


The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

## ਰੋਲਸ-ਰੱਇਸ ਡਾਨ ਡ੍ਰਾਈਵਿੰਗ ਅਨੁਭਵ ਦਾ ਦਿਲ

ਕਿਸੇ ਵੀ ਰੋਲਸ-ਰੱਇਸ ਮੋਟਰ ਕਾਰ ਦਾ ਧੜਕਦਾ ਹੋਇਆ ਦਿਲ ਅਤੇ ਆਤਮਾ ਉਸਦੀ ਪਿਆਰੀ ਟਵਿੰਨ-ਟਰਬੋ 6.6 ਲੀਟਰ ਵੀ12 ਪਾੱਵਰਟ੍ਰੇਨ ਹੈ। 5,250ਆਰਪੀਐਮ 'ਤੇ 563ਬੀਐਚਪੀ ਜਾਂ 420ਕਿਲੋ.ਵਾੱਟ ਦੀ ਪਾੱਵਰ ਆਊਟਪੁੱਟ ਅਤੇ 1,500 ਆਰਪੀਐਮ 'ਤੇ 780 ਐਨਐਮ ਜਾਂ 575 ਐਲਬੀ ਐਫਟੀ ਦਾ ਇੱਕ ਟਾੱਰਕ ਰੇਟਿੰਗ ਮੁਹੱਈਆ ਕਰਵਾਉਂਦੇ ਹੋਏ ਡਾਨ ਦਾ ਡ੍ਰਾਈਵਿੰਗ ਅਨੁਭਵ ਇੱਕ ਅਨੋਖਾ ਅਨੁਭਵ ਹੈ।

ਇਹ ਅਨੁਭਵ ਡਾਇਨਾਮਿਕ ਐਕਲੇਰੇਟਰ ਪੈਡਲ ਮੈਪਿੰਗ ਦੇ ਨਾਲ ਵਧਾਇਆ ਗਿਆ ਹੈ ਜੋ ਮੀਡੀਅਮ ਥ੍ਰੋਟਲ 'ਤੇ 30% ਵਧੇਰੇ ਪ੍ਰਤਿਕਿਰਿਆ ਦਿੰਦਾ ਹੈ।

ਡਾਨ ਰੋਲਸ-ਰੱਇਸ ਦੀਆਂ ਪਾਰੰਪਰਿਕ ਸਟੀਅਰਿੰਗ ਵਿਸ਼ੇਸ਼ਤਾਵਾਂ ਪੇਸ਼ ਕਰਦੇ ਹੋਏ ਸੂਪਰਬ ਡ੍ਰਾਈਵਰ ਫੀਡਬੈਕ ਮੁਹੱਈਆ ਕਰਵਾਉਂਦੀ ਹੈ ਅਤੇ ਇਹ ਪੱਕਾ ਕਰਦੀ ਹੈ ਕਿ ਇਹ ਕਾਰ ਡ੍ਰਾਈਵ ਕਰਨ ਲਈ ਸ਼ਾਨਦਾਰ ਅਤੇ ਅਰਾਮਦਾਇਕ ਹੈ। ਇਸਦੇ ਨਾਲ ਹੀ ਇਹ ਤੇਜ਼ ਰਫਤਾਰ 'ਤੇ ਸੁਰੱਖਿਆ ਦਾ ਅਹਿਸਾਸ ਵੀ ਮੁਹੱਈਆ ਕਰਵਾਉਂਦੀ ਹੈ, ਭਾਵੇਂ ਇਸਦਾ ਟਾੱਪ ਖੁੱਲਾ ਹੋਵੇ ਜਾਂ ਬੰਦ।

ਇਸਦੇ ਨਤੀਜੇ ਵਜੋਂ ਡਾਨ ਰੋਲਸ-ਰੱਇਸ ਦੀ ਅੱਜ ਤੱਕ ਦੀ ਸਭ ਤੋਂ ਵੱਧ ਸ਼ਕਤੀਸ਼ਾਲੀ ਫੁੱਲ ਫੋਰ-ਸੀਟਰ ਡ੍ਰਾੱਪਹੈੱਡ ਮੋਟਰ ਕਾਰ ਹੈ ਅਤੇ ਇਹ ਸਭ ਇਸਦੀ ਆਧੁਨਿਕ ਇੰਜਨੀਅਰਿੰਗ ਕਰਕੇ ਸੰਭਵ ਹੋਇਆ ਹੈ ਜਿਸਨੇ ਇਸਨੂੰ ਮਾਰਕਿਟ ਵਿੱਚ ਉਪਲੱਬਧ 2+2 ਕਨਵਰਟੀਬਲਾਂ ਦੀ ਬਹੁਤਾਤ ਦੇ ਮੁਕਾਬਲੇ ਵਧੇਰੇ ਹਲਕੀ ਅਤੇ ਤੇਲ ਬਚਾਉਂਣ ਵਾਲੀ ਕਾਰ ਬਣਾਉਂਣ ਵਿੱਚ ਯੋਗਦਾਨ ਦਿੱਤਾ ਹੈ।

ਇਸ ਕਾਰ ਨੂੰ ਰੰਨਫਲੈਟ ਟਾਇਰਾਂ ਦੇ ਨਾਲ ਗ੍ਰਿਪ ਪ੍ਰਦਾਨ ਕੀਤੀ ਗਈ ਹੈ ਜਿਹਨਾਂ ਦਾ ਮੀਟਰੀਕਲ ਸਾਈਜ਼ 540ਐਮਐਮ (20 ਇੰਚ) ਹੈ। ਇਹ ਟਾਇਰ ਡਾਨ ਨੂੰ ਡੀਫਲੇਟਡ ਟਾਇਰਾਂ 'ਤੇ ਰਿਪਲੇਸਮੈਂਟ ਤੋਂ ਪਹਿਲਾਂ 50ਐਮਪੀਐਚ/80ਕਿ.ਮੀ./ਘੰਟਾ ਦੀ ਸਪੀਡ 'ਤੇ ਘੱਟ ਤੋਂ ਘੱਟ 100 ਮੀਲ/160ਕਿ.ਮੀ. ਲਈ ਚੱਲਣ ਦੇ ਯੋਗ ਬਣਾਉਂਦੇ ਹਨ। ਇਸਦੇ ਨਾਲ ਹੀ ਪੂਰੀ ਤਰ੍ਹਾਂ ਡੀਫਲੇਟਡ ਟਾਇਰ ਦੇ ਨਾਲ ਵੀ ਨਿਯੰਤਰਣ ਦਾ ਸ਼ਾਨਦਾਰ ਅਹਿਸਾਸ ਵੀ ਰਹਿੰਦਾ ਹੈ। 10-ਸਪੋਕ ਰਿੰਮਾਂ 'ਤੇ ਅਧਾਰਿਤ ਵਿਕਲਪਿਕ 21" ਟਾਇਰ ਵੀ ਉਪਲੱਬਧ ਹਨ। ਰੰਨਫਲੈਟ ਟਾਇਰ ਤਕਨੀਕ ਨੂੰ ਸ਼ਾਮਿਲ ਕਰਨ ਦੇ ਨਾਲ ਸਪੇਅਰ ਵੀਲ ਅਤੇ ਜੈਕ ਦੀ ਜ਼ਰੂਰਤ ਨਹੀਂ ਰਹਿੰਦੀ, ਜਿਸ ਕਾਰਨ ਕੰਪਾਰਟਮੈਂਟ ਵਿੱਚ ਸਮਾਨ ਰੱਖਣ ਲਈ ਜਗਾਹ ਹੋਰ ਜ਼ਿਆਦਾ ਖੁੱਲੀ ਹੋ ਜਾਂਦੀ ਹੈ।

## ਅਰਾਮਦਾਇਕ ਡ੍ਰਾਈਵ ਦੇ ਲਈ ਬਿਹਤਰੀਨ ਤਕਨੀਕ

ਸਧਾਰਣ ਤੌਰ 'ਤੇ ਸ਼ਾਨਦਾਰ ਮੋਟਰ ਕਾਰਾਂ ਦੇ ਪੂਰੇ ਰੋਲਸ-ਰੱਇਸ ਪਰਿਵਾਰ ਦੇ ਵਿੱਚ ਨਵੀਂ ਡਾਨ ਆੱਟੋਮੋਟਿਵ ਡਿਜ਼ਾਈਨ ਅਤੇ ਟੈਕਨੋਲੋਜੀ ਦੀ ਪ੍ਰਤੀਕ ਹੈ। ਡਾਨ ਡ੍ਰਾਈਵਰ ਨੂੰ ਬਿਹਤਰੀਨ ਤਕਨੀਕਾਂ ਮੁਹੱਈਆ ਕਰਵਾਉਂਦੀ ਹੈ ਜੋ ਕਾਰ ਵਿੱਚ ਵਿਹਲਾ ਸਮਾਂ ਇੱਕ ਸੂਪਰ-ਲਗਜ਼ੂਰੀਅਸ ਅਰਾਮਦਾਇਕ ਅਨੁਭਵ ਹੈ। ਇਸਦੀ ਚਾਬੀ ਕਾਰ ਦੇ ਤਕਨੀਕੀ ਕਾਰਜਾਂ ਦਾ ਅਨੋਖਾ ਸਥਾਨ ਹ। ਇਸ ਲਈ ਡਾਨ ਨੂੰ ਸਪਿਰਿਟ ਆੱਫ ਐਕਸਟੇਸੀ ਰੋਟਰੀ ਕੰਟ੍ਰੋਲਰ ਦੇ

ਨਾਲ ਤਿਆਰ ਕੀਤਾ ਗਿਆ ਹੈ ਜੋ ਕਿ ਇੱਕ ਸ਼ਾਨਦਾਰ ਵੰਨ-ਟੱਚ ਸੋਲਯੁਸ਼ਨ ਹੈ ਜੋ ਉਪਭੋਗਤਾ ਨੂੰ ਅਰਾਮ ਨਾਲ ਮੀਡੀਆ ਅਤੇ ਨੈਵੀਗੇਸ਼ਨ ਫੰਕਸ਼ਨਾਂ ਤੱਕ ਪਹੁੰਚਾਉਂਦਾ ਹੈ।

ਉਦਾਹਰਣ ਦੇ ਲਈ ਨੈਵੀਗੇਸ਼ਨ ਇਨਪੁੱਟ ਜਾਂ ਮੀਡੀਆ ਸਰਚਜ਼ ਦੇ ਲਈ ਅੱਖਰਾਂ ਨੂੰ ਇਸਦੇ ਸਰਫੇਸ 'ਤੇ ਉਂਗਲੀਆਂ ਨਾਲ ਡ੍ਰਾਅ ਕੀਤਾ ਜਾ ਸਕਦਾ ਹੈ, ਜੋ ਕਿ ਇੱਕ ਸ਼ਨਦਾਰ ਸਮਾਰਟਫੋਨ ਫੰਕਸ਼ਨੈਲਿਟੀ ਨਾਲ ਮੇਲ ਖਾਂਦਾ ਹੈ। ਸਟੀਅਰਿੰਗ ਵ੍ਹੀਲ 'ਤੇ ਲੱਗਾ ਹੋਇਆ ਵੰਨ-ਟੱਚ ਕਾੱਲ ਬੱਟਨ ਉਪਭੋਗਤਾਵਾਂ ਨੂੰ ਸਧਾਰਣ ਵਾੱਇਸ ਕਮਾਂਡਾਂ ਦੇ ਨਾ ਕਾਰ ਦੇ ਫੰਕਸ਼ਨਾਂ ਦਾ ਪ੍ਰਯੋਗ ਕਰਨ ਵਿੱਚ ਮਦਦ ਕਰਦਾ ਹੈ। ਇਹ ਦੋਵੇਂ ਵਿਸ਼ੇਸ਼ਤਾਵਾਂ ਵਾਧੂ ਬੱਟਨਾਂ ਨੂੰ ਹਟਾਉਂਣ ਅਤੇ ਪ੍ਰਯੋਗ ਵਿੱਚ ਅਸਾਨੀ ਦੇ ਲਈ ਪ੍ਰਦਾਨ ਕੀਤੀਆਂ ਗਈਆਂ ਹਨ। ਉਦਾਹਰਣ ਦੇ ਲਈ, ਕੇਵਲ ਬੱਟਨ ਦਬਾਓ ਅਤੇ ਕਮਾਂਡ ਬੋਲੋ: "ਸੇਂਟ ਟ੍ਰੋਪੇਜ਼ ਚਲੋ" ਅਤੇ ਕਾਰ ਦਾ ਸੈਟੇਲਾਈਟ ਨੈਵੀਗੇਸ਼ਨ ਸਿਸਟਮ ਸਭ ਤੋਂ ਤੇਜ਼ ਸੰਭਾਵੀ ਰਸਤੇ ਨੂੰ ਤੁਹਾਡੇ ਸਾਹਮਣੇ ਪੇਸ਼ ਕਰ ਦੇਵਗਾ।

ਇਹ ਸਪਿਰਿਟ ਆੱਫ ਐਕਸਟੇਸੀ ਰੋਟਰੀ ਕੰਟ੍ਰੋਲਰ ਇੱਕ ਟੱਚ ਪੈਡ (ਡ੍ਰਾਈਵਰ ਅਤੇ ਸਵਾਰੀ ਦੇ ਅੱਖਾਂ ਦੇ ਪੱਧਰ 'ਤੇ ਅਦਿੱਖ ਫਿੰਗਰਪ੍ਰਿੰਟ ਛੱਡਣ ਵਾਲੀ ਟੱਚ ਸਕ੍ਰੀਨ ਦੀ ਥਾਂ 'ਤੇ) ਪੇਸ਼ ਕਰਦਾ ਹੈ, ਜਿਸ ਵਿੱਚ ਉਂਗਲੀਆਂ ਦੇ ਨਾਲ ਅੱਖਰ ਲਿੱਖਣ ਅਤੇ ਕ੍ਰੋਮ ਡਾਇਲ ਨੂੰ ਘੁੰਮਾ ਕੇ ਫੰਕਸ਼ਨ ਮੈਨਯੂਜ਼ ਨੂੰ ਸਕ੍ਰੋਲ ਕਰਨ ਅਤੇ ਡਾਊਨ ਦਬਾ ਕੇ ਇਸਦੇ ਫੰਕਸ਼ਨ ਚੁਣਨ ਦੀ ਯੋਗਤਾ ਦਿੱਤੀ ਗਈ ਹੈ।

ਇਹ ਸਿਸਟਮ ਲੈਟਿਨ ਅਤੇ ਅਰਬੀ ਭਾਸ਼ਾ ਦੇ ਨਾਲ-ਨਾਲ ਮੈਂਡੇਰਿਨ ਭਾਸ਼ਾ ਦੇ ਅੱਖਰ ਵੀ ਪਹਿਚਾਣਦਾ ਹੈ।

ਰੋਟਰੀ ਕੰਟ੍ਰੋਲਰ ਦਾ ਟੱਚ ਪੈਡ 'ਪੁੱਲ ਅਤੇ ਪਿੰਚ' ਵਿਸ਼ੇਸ਼ਤਾਵਾਂ ਵੀ ਪ੍ਰਦਾਨ ਕਰਦਾ ਹੈ ਜੋ ਕਿ ਬਿਹਤਰੀਨ ਸਮਾਰਟਫੋਨ ਫੰਕਸ਼ਨੈਲਿਟੀ ਦੀਆਂ ਪ੍ਰਤੀਕ ਹਨ। ਇਹ ਉਪਭੋਗਤਾ ਨੂੰ ਸਕ੍ਰੀਨ 'ਤੇ ਦਿਖਾਈ ਦਿੰਦੇ ਖੇਤਰਾਂ ਨੂੰ ਬਰੀਕੀ ਨਾਲ ਚੁਣਨ ਜਾਂ ਵੱਡਾ ਕਰਨ ਵਿੱਚ ਮਦਦ ਕਰਦੀਆਂ ਹਨ।

ਮਹੱਤਵਪੂਰਨ ਢੰਗ ਨਾਲ ਅਪਡੇਟ ਕੀਤੇ ਗਏ ਮਲਟੀਮੀਡੀਆ ਇੰਟਰਫੇਸ ਅਤੇ ਨੈਵੀਗੇਸ਼ਨ ਸਿਸਟਮ ਤੋਂ ਪ੍ਰਾਪਤ ਹੋਈ ਜਾਣਕਾਰੀ ਨੂੰ ਇੱਕ ਨਵੀਂ 10.25" ਹਾਈ-ਡੈਫੀਨੇਸ਼ਨ ਸਕ੍ਰੀਨ 'ਤੇ ਪੇਸ਼ ਕੀਤਾ ਜਾਂਦਾ ਹੈ ਜਿਸਦੇ ਹਾਰਡਵੇਅਰ ਅਤੇ ਸਾੱਫਟਵੇਅਰ ਪਰਿਵਰਤਨਾਂ ਨੇ ਪ੍ਰੋਸੈਸਿੰਗ ਸਪੀਡ ਨੂੰ ਵੱਧਾ ਕੇ ਰੂਟ ਕੈਲਕੂਲੇਸ਼ਨਾਂ ਨੂੰ ਤੇਜ਼ ਕੀਤਾ ਹੈ।

ਇੱਕ ਆੱਟੋਮੈਟਿਕ ਕਰੂਜ਼ ਕੰਟ੍ਰੋਲ ਸਿਸਟਮ ਦੂਰੀ ਅਤੇ ਗਤੀ ਦੀ ਛੋਟੀਆਂ ਸੰਖੇਪ ਐਡਜਸਟਮੈਂਟਾਂ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ ਅਤੇ ਨਿਰੰਤਰ ਹੌਲੀ ਚੱਲਣ, ਸਟਾੱਪ ਅਤੇ ਸਟਾਰਟ ਨੂੰ ਘੱਟ ਕਰਦਾ ਹੈ। ਹੁਣ ਡ੍ਰਾਈਵਰ ਇੱਕ ਆਤਮਵਿਸ਼ਵਾਸੀ ਅਤੇ ਅਰਾਮਦਾਇਕ ਢੰਗ ਨਾਲ ਸ਼ਹਿਰ ਦੀ ਟ੍ਰੈਫਿਕ ਵਿੱਚ ਰਹਿ ਸਕਦਾ ਹੈ ਅਤੇ ਟ੍ਰੈਫਿਕ ਪੈਟਰਨਾਂ ਵਿੱਚ ਹਲਾਤਾਂ ਦੀ ਜਾਂਚ ਕਰਨ ਲਈ ਤੇ ਪਰਿਵਰਤਨਾਂ ਅਨੁਸਾਰ, ਉਦਾਹਰਨ ਲਈ ਜਦੋਂ ਕਿਸੇ ਨਵੇਂ ਰੋਡ 'ਤੇ ਜਾਓ ਜਾਂ ਸਲਿਪ ਰੋਡ 'ਤੇ ਜਾਓ, ਪ੍ਰਤਿਕਿਰਿਆ ਦੇ ਲਈ ਸਿਸਟਮ 'ਤੇ ਭਰੋਸਾ ਕਰ ਸਕਦਾ ਹੈ।

Rolls-Royce Motor Cars

The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

ਫ੍ਰੰਟ ਬੰਪਰ ਵੈਲੇਂਸ ਅਤੇ ਸੈਂਟਰ ਅੱਪਰ ਵਿੱਚ ਕ੍ਰਮਵਾਰ ਲੱਗੇ ਹੋਏ ਰਡਾਰ ਅਤੇ ਕੈਮਰੇ ਦੇ ਲਈ ਨਵੇਂ ਸਾੱਫਟਵੇਅਰ ਤੇਜ਼ ਸਿਸਟਮ ਪ੍ਰਤਿਕਿਰਿਆ ਮੁਹੱਈਆ ਕਰਵਾਉਂਦੇ ਹਨ ਜਿਸ ਵਿੱਚ ਐਮਰਜੈਂਸੀ ਪ੍ਰੈਸ਼ਰ ਦੀ ਉਮੀਦ ਦੇ ਲਈ ਤੇਜ਼ ਪ੍ਰੀ-ਕੰਡੀਸ਼ਨਿੰਗ ਬ੍ਰੇਕਾਂ ਵੀ ਸ਼ਾਮਿਲ ਹਨ।

ਜੇਕਰ ਬਦਕਿਸਮਤ ਹਾਲਾਤ ਪੈਦਾ ਹੋ ਜਾਣ ਤਾਂ ਡਾਨ ਇੱਕ ਸਕਿੰਟ ਤੋਂ ਵੀ ਘੱਟ ਦੇ ਸਮੇਂ ਵਿੱਚ ਰੀਅਰ ਹੈੱਡ ਰਿਸਟ੍ਰੇਂਟਸ ਤੋਂ ਲੁੱਕਿਆ ਹੋਇਆ ਰੋਲ-ਓਵਰ ਪਰੋਟੈਕਸ਼ਨ ਸਿਸਟਮ ਨਿਕਾਲਦੀ ਹੈ। ਫਿਰ ਇੱਕ ਰੈਚੇਟ ਸਿਸਟਮ ਇਸਨੂੰ ਸਹੀ ਜਗਾਹ 'ਤੇ ਲਾੱਕ ਕਰ ਦਿੰਦਾ ਹੈ। ਇਹ ਰੋਲ-ਓਵਰ ਪ੍ਰੋਟੈਕਸ਼ਨ ਸਿਸਟਮ ਕਾਰ ਦੇ ਦੁਆਲੇ ਸਾਰੀ ਵਿੰਡਸਕ੍ਰੀਨ ਨੂੰ ਵੀ ਆਪਣੇ ਅੰਦਰ ਸ਼ਾਮਿਲ ਕਰ ਲੈਂਦਾ ਹੈ।

**ਸੈਟੇਲਾਈਟ ਦੇ ਸਹਿਯੋਗ ਵਾਲਾ ਟ੍ਰਾਂਸਮਿਸ਼ਨ**

ਰੋਲਸ-ਰਾੱਇਸ ਦੇ ਅਰਾਮਦਾਇਕ ਡਾਇਨਾਮਿਜ਼ਮ ਨੂੰ ਸੈਟੇਲਾਈਟ ਏਡਿਡ ਟ੍ਰਾਂਸਮਿਸ਼ਨ ਦੇ ਨਾਲ ਹੋਰ ਬਿਹਤਰ ਬਣਾਇਆ ਗਿਆ ਹੈ ਜੋ ਕਿ ਇੱਕ ਅਜਿਹੀ ਤਕਨੀਕ ਹੈ ਜਿਸਨੇ 2013 ਵਿੱਚ ਰੈਥ ਦੇ ਨਾਲ ਆਪਣੀ ਵਿਸ਼ਵ ਪੱਧਰੀ ਸ਼ੁਰੂਆਤ ਕੀਤੀ ਸੀ।

ਸੈਟੇਲਾਈਡ ਏਡਿਡ ਟ੍ਰਾਂਸਮਿਸ਼ ਕਾਰ ਨੂੰ ਡ੍ਰਾਈਵਰ ਦੀ ਨਜ਼ਰ ਤੋਂ ਅੱਗੇ ਦੇਖਣ ਵਿੱਚ ਮਦਦ ਕਰਨ ਲਈ ਜੀਪੀਐਸ ਡੇਟਾ ਦਾ ਪ੍ਰਯੋਗ ਕਰਦਾ ਹੈ ਅਤੇ ਸਥਾਨ ਅਤੇ ਡ੍ਰਾਈਵਿੰਗ ਸਟਾਇਲ ਦੇ ਅਧਾਰ 'ਤੇ ਅਗਲੇ ਮੂਵ ਦਾ ਅੰਦਾਜਾ ਲਗਾਉਂਦਾ ਹੈ।

ਇਸ ਜਾਣਕਾਰੀ ਨੂੰ ਡਾਨ ਦੇ 8-ਸਪੀਡ ਜ਼ੈੱਡਐਫ ਗਿਅਰਬਾੱਕਸ ਵਿੱਚੋਂ ਸਭ ਤੋਂ ਵੱਧ ਢੁਕਵੇਂ ਗਿਅਰ ਨੂੰ ਚੁਣਨ ਦੇ ਲਈ ਪ੍ਰਯੋਗ ਕੀਤਾ ਜਾਂਦਾ ਹੈ ਤਾਂ ਕਿ ਡ੍ਰਾਈਵਰ ਰੋਲਸ-ਰਾੱਇਸ 6.6 ਲਟਰ ਟਵਿਨ-ਟਰਬੋ ਵੀ12 ਦੀ ਪੂਰੀ ਸ਼ਕਤੀ ਦਾ ਪ੍ਰਯੋਗ ਕਰ ਸਕੇ ਅਤੇ ਉਸਨੂੰ ਇੱਕ ਅਰਾਮਦਾਇਕ ਅਤੇ ਸ਼ਾਨਦਾਰ ਡ੍ਰਾਈਵ ਅਨੁਭਵ ਪ੍ਰਾਪਤ ਹੋਵੇ।

ਉਦਾਹਰਨ ਦੇ ਤੌਰ 'ਤੇ ਜੇਕਰ ਤੁਸੀਂ ਇੱਕ ਤਿੱਖੇ ਮੋੜ ਤੋਂ ਮੁੜਨਾ ਹੋਵੇ ਤਾਂ ਕਾਰ ਤੁਹਾਨੂੰ ਦੱਸੇਗੀ ਕਿ ਤੁਸੀਂ ਕਿਸ ਤਰ੍ਹਾਂ ਡ੍ਰਾਈਵ ਕਰਨਾ ਚਾਹੋਗੇ। ਜਦੋਂ ਡ੍ਰਾਈਵਰ ਐਕਸਲੇਰੇਟਰ ਨੂੰ ਘੱਟ ਕਰੇਗਾ ਤਾਂ ਇਹ ਲੋਅਰ ਗਿਅਰ ਵਿੱਚ ਆ ਜਾਵੇਗ ਤਾਂ ਕਿ ਕੋਨੇ ਤੋਂ ਨਿਕਲਣ ਦੌਰਾਨ ਐਕਸਲੇਰੇਟਰ ਨੂੰ ਪੂਰੀ ਸ਼ਕਤੀ ਮਿਲ ਸਕੇ।

ਸੈਟੇਲਾਈਟ ਏਡਿਡ ਟ੍ਰਾਂਸਮਿਸ਼ਨ ਡਾਨ ਦੇ ਨਾਲ ਸਟੈਂਡਰਡ ਤੌਰ 'ਤੇ ਆਉਂਦੀ ਹੈ।

**ਸ਼ਾਮ ਤੋਂ ਸਵੇਰ ਤੱਕ- ਸ਼ਾਨਦਾਰ ਤਕਨੀਕ ਰਸਤਾ ਦਿਖਾਉਂਦੀ ਹੈ**

ਐਲਈਡੀ ਲਾਈਟਿੰਗ ਤਕਨੀਕ ਵਿੱਚ ਹਾਲ ਹੀ ਦੇ ਵਿਕਾਸ ਨੂੰ ਵੀ ਰੋਲਸ-ਰਾੱਇਸ ਡਾਨ ਵਿੱਚ ਪ੍ਰਯੋਗ ਕੀਤਾ ਗਿਆ ਹੈ। ਇਸ ਲਾਈਟ ਦੇ ਪ੍ਰਬੰਧ ਦੇ ਢੰਗ ਨੂੰ ਅਡੈਪਟਿਵ ਤਕਨੀਕ ਦੇ ਨਾਲ ਮਹੱਤਵਪੂਰਨ ਢੰਗ ਨਾਲ ਵਧਾਇਆ ਗਿਆ ਹੈ। ਇਲੈਕਟ੍ਰਾੱਨੀਕਲੀ ਕੰਟ੍ਰੋਲ ਕੀਤੇ ਗਏ ਰਿਫਲੈਕਟਰਜ਼ ਟਾਇਰਾਂ ਦੇ ਘੁੰਮਣ ਦੇ ਨਾਲ ਸਫਰ ਦੀ ਦਿਸ਼ਾ ਵੱਲ ਘੁੰਮਦੇ ਹਨ ਤਾਂ ਕਿ ਕੋਨਿਆਂ 'ਤੇ ਬਿਹਤਰ ਦ੍ਰਿਸ਼ ਮੁਹੱਈਆ ਕਰਵਾਏ ਜਾ ਸਕਣ ਅਤੇ ਇਸਦੀ


The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

ਵਧੇਰੇ ਸਫੈਦ ਅਤੇ ਤੇਜ਼ ਲਾਈਟ ਕਾਲੀਆਂ ਸੜਕਾਂ ‘ਤੇ ਵੀ ਅਰਾਮਦਾਇਕ ਅਤੇ ਸੁਰੱਖਿਅਤ ਡ੍ਰਾਈਵਿੰਗ ਮੁਹੱਈਆ ਕਰਵਾਉਂਦੀ ਹੈ ਅਤੇ ਡ੍ਰਾਈਵਰ ਦੀ ਥਕਾਵਟ ਨੂੰ ਘੱਟ ਕਰਦੀ ਹੈ।

ਇਸ ਤੋਂ ਇਲਾਵਾ, ਫੁੱਲ-ਬੀਮ ਹੈੱਡਲਾਈਟਾਂ ਦੀ ਆੱਟੋਮੈਟਿਕ ਡਿਪਿੰਗ ਨੂੰ ਕ੍ਰਾਂਤੀਕਾਰੀ ਨਵੀਂ ਗਲੇਅਰ-ਫ੍ਰੀ ਟੈਕਨੋਲੋਜੀ ਨਾਲ ਬਦਲਿਆ ਗਿਆ ਹੈ। ਜਦੋਂ ਇੱਕ ਕਾਰ ਆਉਂਦੀ ਹੈ ਤਾਂ ਲਾਈਟ ਹੇਠਾਂ ਹੋ ਜਾਂਦੀ ਹੈ ਤਾਂ ਕਿ ਸਾਹਮਣੇ ਵਾਲੇ ਡ੍ਰਾਈਵਰ ਨੂੰ ਸਾਫ ਦਿਖਾਈ ਦੇ ਸਕੇ। ਇਸ ਲਈ ਡਾਨ ਦੇ ਡ੍ਰਾਈਵਰ ਨਿਰੰਤਰ ਫੁੱਲ-ਬੀਮ ਵਿਜ਼ਿਬਿਲਿਟੀ ਦੇ ਨਾਲ ਸੁਰੱਖਿਆ ਫਾਇਦਿਆ ਦਾ ਅਨੰਦ ਮਾਣਦੇ ਹਨ। ਇੱਕ ਦਿਨ ਸਮੇਂ ਰੰਨਿੰਗ ਬਾਰ ਫ੍ਰੇਮਜ਼ ਡਾਨ ਦੇ ਮੌਜੂਦਾ ਫ੍ਰੰਟ ਲਾਈਟ ਗ੍ਰਾਫਿਕ ਕਾਰ ਨੂੰ ਇੱਕ ਅਨੋਖਾ ਆਕਰਸ਼ਕਣ ਪ੍ਰਦਾਨ ਕਰਨ ਦੇ ਨਾਲ-ਨਾਲ ਸੁਰੱਖਿਆ ਵੀ ਪ੍ਰਦਾਨ ਕਰਦੇ ਹਨ।

ਰਾਤ-ਸਮੇਂ ਡ੍ਰਾਈਵਿੰਗ ਸੁਰੱਖਿਆ ਨੂੰ ਹੈੱਡ-ਅੱਪ ਡਿਸਪਲੇ ਅਤੇ ਹੀਟ ਡਿਟੈਕਸ਼ਨ ਸਿਸਟਮ ਦੇ ਨਾਲ ਵਧਾਇਆ ਗਿਆ ਹੈ ਜੋ ਮਨੁੱਖਾਂ ਅਤੇ ਜਾਨਵਰਾਂ ਦੇ ਹੀਟ ਸਿਗਨੇਚਰ ਨੂੰ ਪਹਿਚਾਣਦਾ ਹੈ ਅਤੇ ਡ੍ਰਾਈਵਰ ਨੂੰ ਸੰਭਾਵੀ ਖਤਰੇ ਤੋਂ ਬਚਾਉਂਣ ਲਈ ਇੱਕ ਸੁਣਨਯੋਗ ਚੇਤਾਵਨੀ ਦਿੰਦਾ ਹੈ।

**ਤਕਨੀਕੀ ਜਾਣਕਾਰੀ**

**ਆਕਾਰ**

| | |
|---|---|
| ਵਹੀਕਲ ਦੀ ਲੰਬਾਈ | 5285ਐਮਐਮ / 17.34ਫੁੱਟ |
| ਵਹੀਕਲ ਦੀ ਚੌੜਾਈ | 1947ਐਮਐਮ / 6.39ਫੁੱਟ |
| ਵਹੀਕਲ ਦੀ ਉਚਾਈ (ਖਾਲੀ) | 1502ਐਮਐਮ / 4.93ਫੁੱਟ |
| ਵੀਲਬੇਸ | 3112ਐਮਐਮ /10.2ਫੁੱਟ |
| ਟਰਨਿੰਗ ਸਰਕਲ | 12.7ਐਮ / 41.7ਫੁੱਟ |
| ਬੂਟ ਵਾਲਯੂਮ (ਡੀਆਈਐਨ) | 244ਲੀਟਰ- 295ਲੀਟਰ / 8.6 ਫੁੱਟ 3- 10.4 ਫੁੱਟ 3 |

**ਵਜ਼ਨ**

| | |
|---|---|
| ਖਾਲੀ ਦਾ ਵਜ਼ਨ (ਡੀਆਈਐਨ) | 2560ਕਿ.ਗ੍ਰਾ / 5644ਐਲਬੀ |

**ਇੰਜਣ**

| | |
|---|---|
| ਇੰਜਣ / ਸਿਲੰਡਰ / ਵਾਲਵ | ਵੀ / 12 / 48 |
| ਫਿਊਲ ਮੈਨੇਜਮੈਂਟ | ਡਾਇਰੈਕਟ ਇੰਜੈਕਸ਼ਨ |
| ਇੰਜਣ ਸਪੀਡ 'ਤੇ ਪਾੱਵਰ ਆਊਟਪੁੱਟ | 5250ਆਰਪੀਐਮ 'ਤੇ 563 ਬੀਐਚਪੀ / 420ਕਿ.ਵਾ. / 570 ਪੀਐਸ |
| ਇੰਜਣ ਸਪੀਡ 'ਤੇ ਮੈਕਸ ਟਾੱਰਕ | 1500 ਆਰਪੀਐਮ 'ਤੇ 780ਐਨਐਮ / 575ਐਲਬੀ ਫੁੱਟ |
| ਫਿਊਲ ਟਾਈਪ | 10:1 / ਪ੍ਰੀਮੀਅਮ ਅਨਲੈਡਡ[1] |
| **ਪ੍ਰਦਰਸ਼ਨ** | |
| ਟਾੱਪ ਸਪੀਡ | 250 ਕੇਐਮਐਚ / 155 ਐਮਪੀਐਚ (ਗਵਰਨਡ) |
| ਐਕਸਲੇਰੇਸ਼ਨ | 0–100ਕਿ.ਮੀ./ਘੰਟਾ 4.9ਸਕਿੰਗ[2] |
| **ਤੇਲ ਦੀ ਖਪਤ** | |
| ਸ਼ਹਿਰ | 21.4ਲੀਟਰ / 100ਕਿ.ਮੀ. / 13.2 ਐਮਪੀਜੀ (ਇੰਪ.) |
| ਜ਼ਿਆਦਾ ਸ਼ਹਿਰੀ | 9.8ਲੀਟਰ / 100ਕਿ.ਮੀ. / 28.8ਐਮਪੀਜੀ (ਇੰਪ.) |
| ਮਿਸ਼ਰਿਤ ਖਪਤ / ਰੇਂਜ | 14.2ਲੀਟਰ / 100 ਕਿ.ਮੀ. / 19.9 ਐਮਪੀਜੀ (ਇੰਪ.) |
| ਸੀਓ2 ਨਿਕਾਸ | 330ਗ੍ਰਾਮ / ਕਿ.ਮੀ. |

**ਇਹ ਅੰਕੜੇ ਫਾਈਨਲ ਤਸਦੀਕ ਦੇ ਅਧੀਨ ਹਨ**

**–ਅੰਤ–**


Rolls-Royce Motor Cars

The Drive, Westhampnett, Chichester, West Sussex PO18 0SH
Telephone +44 (0)1243 384000
www.press.rolls-roycemotorcars.com

**<u>ਵਧੇਰੇ ਜਾਣਕਾਰੀ:</u>**

ਤੁਸੀਂ ਸਾਡੀ ਮੀਡੀਆ ਵੈਬਸਾਈਟ ਪ੍ਰੈਸਕਲੱਬ ਤੋਂ ਸਾਡੀਆਂ ਸਾਰੀਆਂ ਪ੍ਰੈਸ ਰੀਲੀਜ਼ਾਂ ਅਤੇ ਪ੍ਰੈਸ ਕਿੱਟਾਂ ਅਤੇ ਹਾਈ-ਰੈਜ਼ੋਲਯੂਸ਼ਨ ਡਾਊਨਲੋਡੇਬਲ ਫੋਟੋਗ੍ਰਾਫ ਅਤੇ ਵੀਡੀਓ ਫੁੱਟੇਜ ਨੂੰ ਪ੍ਰਾਪਤ ਕਰ ਸਕਦੇ ਹੋ। ਤੁਸੀਂ ਟਵਿਟਰ 'ਤੇ ਵੀ ਰੋਲਸ-ਰੱਇਸ ਮੋਟਰ ਕਾਰਜ਼ ਦੀ ਕਮਿਊਨੀਕੇਸ਼ਨ ਟੀਮ ਦੇ ਨਾਲ ਸੰਪਰਕ ਕਰ ਸਕਦੇ ਹੋ।

**<u>ਪ੍ਰੈਸ ਸੰਪਰਕ:</u>**

**ਗੁੱਡਵੁੱਡ**

- **ਡਾਇਰੈਕਟਰ ਆੱਫ ਗਲੋਬਲ ਕਮਿਊਨੀਕੇਸ਼ਨਜ਼**

ਰਿਚਾਰਡ ਕਾਰਟਰ +44 (0) 1243 384060 richard.carter@rolls-roycemotorcars.com

- **ਗਲੋਬਲ ਕਾਰਪੋਰੇਟ ਕਮਿਊਨੀਕੇਸ਼ਨਜ਼**

ਐਂਡਰਿਊ ਬਾੱਲ +44 (0) 1243 384064 andrew.ball@rolls-roycemotorcars.com

- **ਗਲੋਬਲ ਪ੍ਰੋਡਕਟ ਕਮਿਊਨੀਕੇਸ਼ਨਜ਼**

ਐਂਡਰਿਊ ਬੋਇਲੇ +44 (0) 1243 384062 andrew.boyle@rolls-roycemotorcars.com

- **ਗਲੋਬਲ ਲਾਈਫਸਟਾਈਲ ਕਮਿਊਨੀਕੇਜ਼**

ਏਮਾ ਰਿਕੇਟ +44 (0) 1243 384061 emma.rickett@rolls-roycemotorcars.com

**ਖੇਤਰੀ**

- **ਏਸ਼ੀਆ ਪੈਸੀਫਿੱਕ- ਉਤਰ**

ਰੋਜ਼ਮੈਰੀ ਮਿਛੇਲ +81 (0) 3 6259 8888 rosemary.mitchell@rolls-roycemotorcars.com

- **ਏਸ਼ੀਆ ਪੈਸੀਫਿੱਕ- ਦੱਖਣ**

ਰਾਣੀ ਰਮੱਈਆ +65 6838 9753 rani.ramaya@rolls-roycemotorcars.com

ਹਾਲ ਸੇਰੁਦਿਨ +65 6838 9675 hal.serudin@rolls-roycemotorcars.com

- **ਚੀਨ**

ਐਨਾ ਜ਼ੂ +86 10 8455 8037 anna.xu@rolls-roycemotorcars.com

- **ਯੂਰੋਪ– ਪੂਰਬ**

ਫ੍ਰੈਂਕ ਟੀਮਨ +49 (0) 89 382 29581 frank.tiemann@rolls-roycemotorcars.com

- **ਯੂਰੋਪ– ਪੱਛਮ**

ਰੁਥ ਹਕਲਿੰਨਬ੍ਰੱਇਕ+49 (0) 89 382 60064 ruth.hucklenbroich@rolls-roycemotorcars.com

- **ਮਿਡਲ ਈਸਟ, ਅਫਰੀਕਾ ਅਤੇ ਲੈਟਿਨ ਅਮਰੀਕਾ**

ਜਮਾਲ ਅਲ–ਮਾਵੇਦ +971 561717883 jamal.almawed@rolls-roycemotorcars.com

- **ਉੱਤਰੀ ਅਮਰੀਕਾ**

ਗੈਰੀ ਸਪਾਹਨ +1 201 930 8308 gerry.spahn@rolls-roycemotorcarsna.com

- **ਯੂਕੇ ਅਤੇ ਸਕੈਂਡੇਨੇਵੀਆ**

ਜੇਮਸ ਵਾਰੇਨ +44 (0)1243 384578 james.i.warren@rolls-roycemotorcars.com